






**ਅੰਦਰਲੀ ਖ਼ਬਰ**
ਫਰਾਂਸ ਨੇ ਇਜ਼ਰਾਈਲ ਜਾਣ ਵਾਲੇ ਅਮਰੀਕੀ ਜਹਾਜ਼ਾਂ ਨੂੰ ਨਹੀਂ ਦਿੱਤਾ ਹਵਾਈ ਖੇਤਰ, ਟਰੰਪ ਨੇ ਕਿਹਾ 'ਅਮਰੀਕਾ ਯਾਦ ਰੱਖੇਗਾ' 05

**ਅੰਦਰਲੀ ਖ਼ਬਰ**
ਅਮਰੀਕਾ 'ਚੋਂ 11 ਪੰਜਾਬੀ ਟਰੱਕ ਡਰਾਈਵਰਾਂ ਨੂੰ ਕੀਤਾ ਜਾਵੇਗਾ ਡਿਪੋਰਟ! 07


ਪੰਨਾ ਨੰ.:6 **ਲੇਖ**
**ਪਿੰਡਾਂ ਦੀਆਂ ਸੜਕਾਂ ਮਰਦੀਆਂ ਬੜ੍ਹਕਾਂ!**





PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
02 ਅਪ੍ਰੈਲ ਤੋਂ 08 ਅਪ੍ਰੈਲ, 2026
Email :- editor@punjabstar.com, Vo. 20. Issue:1231


## ਕੈਨੇਡਾ ਨੇ ਖੋਲ੍ਹਿਆ ਨਵਾਂ ਇਮੀਗਰੇਸ਼ਨ ਦਰਵਾਜ਼ਾ

* ਅਸਾਇਲਮ ਕਲੇਮ ਰੱਦ ਹੋਣ 'ਤੇ ਬਰਕਰਾਰ ਰਹੇਗਾ ਵਰਕ ਪਰਮਿਟ
* ਬਿਲ ਸੀ-12 ਦੇ ਮੱਦੇਨਜ਼ਰ ਲਿਆਂਦੀ ਨਵੀਂ ਨੀਤੀ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਸਰਕਾਰ ਇੰਮੀਗ੍ਰੇਸ਼ਨ ਦਾ ਇਕ ਦਰਵਾਜ਼ਾ ਬੰਦ ਕਰ ਰਹੀ ਹੈ ਤਾਂ ਦੂਜਾ ਖੋਲ੍ਹਿਆ ਜਾ ਰਿਹਾ ਹੈ। ਜੀ ਹਾਂ, ਨਵੀਂ ਨੀਤੀ ਤਹਿਤ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਵਰਕ ਪਰਮਿਟ ਬਰਕਰਾਰ ਰਹਿਣਗੇ ਜਿਨ੍ਹਾਂ ਦੇ ਅਸਾਇਲਮ ਕਲੇਮ ਬਿਲ ਸੀ-12 ਅਧੀਨ ਰੱਦ ਕਰ ਦਿਤੇ ਗਏ। ਸਿਰਫ਼ ਐਨਾ ਹੀ ਨਹੀਂ, ਅਜਿਹੇ ਵਿਦੇਸ਼ੀ ਨਾਗਰਿਕ ਨਵੇਂ ਵਰਕ ਪਰਮਿਟ ਦੀ ਅਰਜ਼ੀ ਵੀ ਦਾਇਰ ਕਰ ਸਕਦੇ ਹਨ ਅਤੇ ਉਦੋਂ ਤੱਕ ਕੰਮ ਕਰਨ ਦਾ ਹੱਕ ਮਿਲੇਗਾ ਜਦੋਂ ਤੱਕ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਦੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ। ਇੰਮੀਗ੍ਰੇਸ਼ਨ, ਰਫ਼ਿਊਜੀ ਅਤੇ ਸਿਟੀਜ਼ਨਸ਼ਿਪ ਸੇਵਾਵਾ ਮਹਿਕਮੇ ਦਾ ਮੰਨਣਾ ਹੈ ਕਿ ਬਿਲ ਸੀ-12 ਅਧੀਨ ਕੈਨੇਡਾ ਵਿਚ ਪਨਾਹ ਦੇ ਦਾਅਵੇ ਵੱਡੀ ਗਿਣਤੀ ਵਿਚ ਰੱਦ ਹੋ ਸਕਦੇ ਹਨ ਜਾਂ ਦਾਅਵਿਆਂ ਨੂੰ ਵਿਚਾਰ ਵਾਸਤੇ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ ਭੇਜਣ ਦੇ ਅਯੋਗ ਮੰਨਿਆ ਜਾ ਸਕਦਾ ਹੈ।

ਨਵੀਂ ਨੀਤੀ ਸਦਕਾ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿਚ ਮੌਜੂਦਗੀ ਦੌਰਾਨ ਆਪਣਾ ਗੁਜ਼ਾਰਾ ਚਲਾਉਣ ਦੀ ਸਹੂਲਤ ਦਿਤੀ ਗਈ ਹੈ। ਇਥੇ ਦਸਣਾ ਬਣਦਾ ਹੈ ਕਿ ਬੀਤੀ 26 ਮਾਰਚ ਤੋਂ ਬਿਲ ਸੀ-12 ਲਾਗੂ ਹੋ ਗਿਆ ਅਤੇ * ਬਾਕੀ ਸਫ਼ਾ 2 'ਤੇ

## ਰੂਸੀ AN-26 ਫੌਜੀ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ 29 ਮੌਤਾਂ



(ਪੰਜਾਬ ਸਟਾਰ ਬਿਊਰੋ):
ਰੂਸ ਦਾ ਇੱਕ An-26 ਫੌਜੀ ਟਰਾਂਸਪੋਰਟ ਜਹਾਜ਼ ਕਰਾਈਮੀਆ ਵਿਚ ਹਾਦਸਾਗ੍ਰਸਤ ਹੋ ਗਿਆ ਹੈ, ਜਿਸ ਵਿਚ 29 ਲੋਕਾਂ ਦੀ ਮੌਤ ਹੋ ਗਈ ਹੈ। ਰੂਸੀ ਰੱਖਿਆ ਮੰਤਰਾਲੇ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ 23 ਯਾਤਰੀਆਂ ਅਤੇ ਛੇ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਗਈ ਹੈ। ਇਸ ਘਟਨਾ ਵਿੱਚ ਕਿਸੇ ਦੇ ਬਚਣ ਦੀ ਕੋਈ ਰਿਪੋਰਟ ਨਹੀਂ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇਹ ਉਹੀ ਜਹਾਜ਼ ਸੀ ਜਿਸ ਨੂੰ ਰੂਸ ਨੇ 2014 ਵਿੱਚ ਯੂਕਰੇਨ ਤੋਂ ਖੋਹਿਆ ਸੀ। *ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਪੰਜਾਬੀ ਡਰਾਈਵਰ ਤਰਸੇਮ ਸਿੰਘ ਨੂੰ 9 ਕਰੋੜ ਰੁਪਏ ਦਾ ਜੁਰਮਾਨਾ

### ਅਮਰੀਕਾ 'ਚ 200 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਰੇਂਜ ਰੋਵਰ ਚਲਾਇਆ



ਅਮਰੀਕਾ, (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਓਹੀਓ ਵਿੱਚ, ਪੁਲਿਸ ਤੋਂ ਬਚਣ ਲਈ, ਪੰਜਾਬੀ ਮੂਲ ਦੇ ਤਰਸੇਮ ਸਿੰਘ (33) ਨੇ ਆਪਣੀ ਰੇਂਜ ਰੋਵਰ 200 ਕਿਲੋਮੀਟਰ ਪ੍ਰਤੀ ਘੰਟਾ (15 ਮੀਲ ਪ੍ਰਤੀ ਘੰਟਾ) ਦੀ ਰਫ਼ਤਾਰ ਨਾਲ ਚਲਾਈ ਅਤੇ ਇੱਕ ਜੀਪ ਨਾਲ ਟਕਰਾ ਗਿਆ। ਇੱਕ ਗਰਭਵਤੀ ਔਰਤ (17) ਦੀ ਮੌਕੇ 'ਤੇ ਹੀ ਮੌਤ ਹੋ ਗਈ, ਅਤੇ ਉਸਦੇ ਅਣਜੰਮੇ ਬੱਚੇ ਦੀ ਵੀ ਮੌਤ ਹੋ ਗਈ।

ਅਦਾਲਤ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਤਰਸੇਮ ਸਿੰਘ 'ਤੇ 10 ਲੱਖ ਡਾਲਰ (94 ਮਿਲੀਅਨ ਰੁਪਏ) ਦਾ ਜੁਰਮਾਨਾ ਲਗਾਇਆ। ਅਦਾਲਤ ਨੇ ਹੁਣ ਅਗਲੀ ਸੁਣਵਾਈ ਦੀ ਮਿਤੀ 3 ਅਪ੍ਰੈਲ ਨਿਰਧਾਰਤ ਕੀਤੀ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ, *ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਨੌਜਵਾਨ ਦਾ ਗੋਲੀ ਮਾਰ ਕੇ ਕਤਲ



(ਪੰਜਾਬ ਸਟਾਰ ਬਿਊਰੋ)
ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਇੱਕ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ, ਜਿਸ ਨੂੰ ਸੰਗਠਿਤ ਅਪਰਾਧ ਨਾਲ ਜੁੜੀ ਘਟਨਾ ਮੰਨਿਆ ਜਾ ਰਿਹਾ ਹੈ। ਇਹ ਵਾਰਦਾਤ ਸ਼ਨੀਵਾਰ ਰਾਤ ਨੂੰ ਸਰੀ ਦੇ ਸਲੀਵਨ ਹਾਈਟਸ ਇਲਾਕੇ ਵਿੱਚ ਇੱਕ ਟਾਊਨਹਾਊਸ ਕੰਪਲੈਕਸ ਵਿੱਚ ਵਾਪਰੀ।

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (IHIT) ਨੇ ਮ੍ਰਿਤਕ ਦੀ ਪਛਾਣ 27 ਸਾਲਾ ਜਸਮਨ ਸੇਖੋਂ ਵਜੋਂ ਕੀਤੀ ਹੈ। ਪੁਲੀਸ ਅਨੁਸਾਰ ਸੇਖੋਂ ਪਹਿਲਾਂ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਹਾਊਸ ਆਫ਼ ਕਾਮਨਜ਼ 'ਚ ਬਿਲ ਸੀ-9 (BILL C-9) ਹੋਇਆ ਪਾਸ

### (ਟੋਰਾਂਟੋ) ਨਫ਼ਰਤੀ ਅਪਰਾਧਾਂ ਨੂੰ ਠੱਲ੍ਹ ਪਾਉਣ ਦੀ ਸਰਕਾਰ ਵੱਲੋਂ ਕੋਸ਼ਿਸ਼



ਕੁਲਤਰਨ ਸਿੰਘ ਪਧਿਆਣਾ

ਕੈਨੇਡਾ ਦੀ ਫੈਡਰਲ ਲਿਬਰਲ ਸਰਕਾਰ ਵੱਲੋਂ ਪਿਛਲੇ ਸਾਲ ਸਤੰਬਰ ਮਹੀਨੇ ਦੌਰਾਨ ਲਿਆਂਦਾ ਗਿਆ ਬਿਲ ਸੀ-9, ਜਿਸ ਨੂੰ Combatting Hate Act. (ਨਫ਼ਰਤ ਰੋਕਥਾਮ ਐਕਟ) ਵੀ ਕਿਹਾ ਜਾਂਦਾ ਹੈ, ਲੰਘੀ 25 ਮਾਰਚ 2026 ਨੂੰ ਹਾਊਸ ਆਫ਼ ਕਾਮਨਜ਼ ਵਿਚ ਤੀਜੀ ਰੀਡਿੰਗ ਤੋਂ ਬਾਅਦ ਪਾਸ ਹੋ ਗਿਆ ਹੈ। ਇਹ ਬਿਲ ਲਿਬਰਲ ਪਾਰਟੀ ਅਤੇ ਬਲਾਕ ਕਿਊਬੈਕਵਾ ਦੇ ਸਾਂਝੇ ਸਮਰਥਨ ਨਾਲ 186 ਵੋਟਾਂ ਨਾਲ ਪਾਸ ਹੋਇਆ ਹੈ ਜਦਕਿ 137 ਵੋਟਾਂ ਇਸਦੇ ਵਿਰੋਧ ਵਿੱਚ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਅਤੇ ਐੱਨਡੀਪੀ ਨੇ ਇਸ ਬਿਲ ਦੇ ਵਿਰੋਧ ਵਿਚ ਵੋਟ ਪਾਈ ਹੈ। ਹੁਣ ਇਹ ਬਿਲ ਸੈਨੇਟ ਵਿਚ ਜਾ ਰਿਹਾ ਹੈ, ਜਿੱਥੇ ਇਸ ਤੇ ਹੋਰ ਵਧੇਰੇ ਚਰਚਾ ਹੋਵੇਗੀ।

ਇਸ ਬਿਲ ਦਾ ਮੁੱਖ ਉਦੇਸ਼ ਕੈਨੇਡੀਅਨ ਫੌਜਦਾਰੀ ਕਾਨੂੰਨ (Criminal Code) ਵਿੱਚ ਸੋਧਾਂ ਕਰਕੇ ਨਫ਼ਰਤ ਭਰੀਆਂ ਗਤੀਵਿਧੀਆਂ ਨੂੰ ਰੋਕਣਾ ਅਤੇ ਧਾਰਮਿਕ ਤੇ ਸੱਭਿਆਚਾਰਕ ਥਾਵਾਂ ਦੀ ਰੱਖਿਆ ਕਰਨਾ ਹੈ। ਇਸ ਵਿੱਚ ਕੁੱਝ ਨਵੀਆਂ ਅਪਰਾਧਿਕ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਹਨ:

ਧਮਕੀ ਭਰੀ ਗਤੀਵਿਧੀ (Intimidation Offence): ਅਗਰ ਕੋਈ ਵੀ ਸ਼ਖ਼ਸ ਜਾਂ ਜੱਥੇਬੰਦੀ ਕਿਸੇ ਨੂੰ ਡਰਾਉਣ ਜਾ ਨਫ਼ਰਤ ਫੈਲਾਉਣ ਲਈ ਕੋਈ ਗਤੀਵਿਧੀਆਂ ਕਰਦੀ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ। ਕੈਨੇਡਾ ਵਿੱਚ ਹਾਲ ਹੀ ਦੌਰਾਨ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ ਜਿਸ ਵਿੱਚ ਖ਼ਾਸ ਵਿਚਾਰਧਾਰਾ ਨਾਲ ਸਬੰਧਤ ਲੋਕਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਅਤੇ ਡਰਾਇਆ ਧਮਕਾਇਆ ਵੀ ਜਾਂਦਾ ਰਿਹਾ ਹੈ। * ਬਾਕੀ ਸਫ਼ਾ 2 'ਤੇ

## ਭਾਜਪਾ ਵੱਲੋਂ 2027 ਦੀਆਂ ਚੋਣਾਂ 'ਚ ਹਰਵਿੰਦਰ ਸਿੰਘ ਫੂਲਕਾ ਹੋ ਸਕਦੇ ਹਨ ਮੁੱਖ ਮੰਤਰੀ ਦੇ ਦਾਅਵੇਦਾਰ!



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲੰਮੀ ਕਾਨੂੰਨੀ ਲੜਾਈ ਲੜਨ ਵਾਲੇ ਸੀਨੀਅਰ ਵਕੀਲ ਅਤੇ ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਹਰਵਿੰਦਰ ਸਿੰਘ ਫੂਲਕਾ ਚੰਡੀਗੜ੍ਹ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਗਏ ਹਨ।

ਉਨ੍ਹਾਂ ਨੂੰ ਦਿੱਲੀ ਵਿਖੇ ਬੀ.ਜੇ.ਪੀ. ਦੇ ਮੁੱਖ ਦਫਤਰ ਵਿਚ ਪਾਰਟੀ ਵਿਚ ਸ਼ਾਮਲ ਕੀਤਾ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਤੋਂ ਇਲਾਵਾ * ਬਾਕੀ ਸਫ਼ਾ 2 'ਤੇ

## ਤੁਰਕੀ 'ਚ ਪ੍ਰਵਾਸੀਆਂ ਨਾਲ ਭਰੀ ਕਿਸ਼ਤੀ ਪਲਟੀ, 18 ਮੌਤਾਂ



ਅੰਕਾਰਾ, (ਪੰਜਾਬ ਸਟਾਰ ਬਿਊਰੋ): ਤੁਰਕੀ ਦੇ ਸਮੁੰਦਰੀ ਤੱਟ ਨੇੜੇ ਰਬੜ ਦੀ ਇਕ ਕਿਸ਼ਤੀ ਪਲਟਣ ਕਾਰਨ 18 ਪ੍ਰਵਾਸੀਆਂ ਦੀ ਮੌਤ ਹੋ ਗਈ ਹੈ। ਇਹ ਦਰਦਨਾਕ ਹਾਦਸਾ ਤੁਰਕੀ ਦੇ ਪ੍ਰਸਿੱਧ ਸੈਰ-ਸਪਾਟਾ ਸਥਾਨ ਬੋਡਰਮ ਦੇ ਤੱਟ ਤੋਂ ਕੁੱਝ ਦੂਰ ਏਜੀਅਨ ਸਾਗਰ ਵਿਚ ਵਾਪਰਿਆ।

ਚੰਗੀ ਗੱਲ ਇਹ ਰਹੀ ਕਿ ਘੱਟੋ-ਘੱਟ 21 ਪ੍ਰਵਾਸੀਆਂ ਨੂੰ ਬਚਾ ਲਿਆ ਗਿਆ। ਤੁਰਕੀ ਕੋਸਟ ਗਾਰਡ ਕਮਾਂਡ ਅਨੁਸਾਰ ਦਰਜਨਾਂ ਪ੍ਰਵਾਸੀਆਂ ਨੂੰ ਲੈ ਕੇ * ਬਾਕੀ ਸਫ਼ਾ 2 'ਤੇ

## ਅਮਰੀਕੀ ਤਕਨੀਕੀ ਕੰਪਨੀ ਓਰੇਕਲ ਨੇ 12,000 ਭਾਰਤੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ


### ਸਵੇਰੇ-ਸਵੇਰੇ ਈ-ਮੇਲ ਕਰ ਕੇ ਕੁੱਲ 30 ਹਜ਼ਾਰ ਕਰਮਚਾਰੀਆਂ ਨੂੰ ਕੀਤਾ ਨੌਕਰੀ ਤੋਂ ਫ਼ਾਰਗ




ਨਵੀਂ ਦਿੱਲੀ, (ਪੰਜਾਬ ਸਟਾਰ ਬਿਊਰੋ): ਅਮਰੀਕੀ ਤਕਨੀਕੀ ਕੰਪਨੀ ਓਰੇਕਲ ਅਮਰੀਕੀ ਕੰਪਨੀ ਜੋ ਦੁਨੀਆਂ ਭਰ ਵਿਚ ਕੰਪਨੀਆਂ ਨੂੰ ਡਾਟਾ ਸਰਵਿਸ ਦਿੰਦੀ ਹੈ। ਦੁਨੀਆਂ ਦੇ ਛੇਵੇਂ ਸਭ ਤੋਂ ਅਮੀਰ ਕਾਰੋਬਾਰੀ ਲੈਰੀ ਐਲੀਸਨ ਦੀ ਟੈਕ ਕੰਪਨੀ ਓਰੇਕਲ ਨੇ ਲਗਭਗ 30 ਹਜ਼ਾਰ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ । ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਭਾਰਤ ਦੇ 12 ਹਜ਼ਾਰ ਕਰਮਚਾਰੀ ਸ਼ਾਮਲ ਹਨ ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੰਪਨੀ ਅਗਲੇ ਮਹੀਨਿਆਂ ਦੌਰਾਨ ਛਾਂਟੀ ਦਾ ਦੂਜਾ ਦੌਰ ਵੀ ਸ਼ੁਰੂ ਕਰ ਸਕਦੀ ਹੈ। ਕਰਮਚਾਰੀਆਂ ਨੂੰ ਮੰਗਲਵਾਰ ਯਾਨੀ 31 ਮਾਰਚ ਦੀ ਸਵੇਰੇ 6 ਵਜੇ ਈ-ਮੇਲ ਕਰਕੇ ਟਰਮੀਨੇਸ਼ਨ ਲੈਟਰ ਭੇਜੇ। ਇਸ ਵਿਚ ਲਿਖਿਆ ਸੀ ਕਿ ਅੱਜ ਉਨ੍ਹਾਂ ਦਾ ਲਾਸਟ ਵਰਕਿੰਗ ਡੇਅ ਹੈ। * ਬਾਕੀ ਸਫ਼ਾ 2 'ਤੇ

### ਇਰਾਨ ਨੇ ਗੂਗਲ ਅਤੇ ਮਾਈਕ੍ਰੋਸਾਫ਼ਟ ਸਮੇਤ 18 ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣ ਦੀ ਦਿੱਤੀ ਧਮਕੀ




ਦੁਬਈ, (ਪੰਜਾਬ ਸਟਾਰ ਬਿਊਰੋ): ਇਰਾਨੀ ਫ਼ੌਜ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ (ਆਈ.ਆਰ.ਜੀ.ਸੀ.) ਨੇ ਮੰਗਲਵਾਰ ਨੂੰ ਕਿਹਾ ਕਿ ਉਹ 1 ਅਪ੍ਰੈਲ ਤੋਂ ਖੇਤਰ ਵਿਚ ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣਗੇ ਜੋ ਤਹਿਰਾਨ ਉਤੇ ਹਮਲਿਆਂ 'ਚ ਮਦਦ ਕਰਦੀਆਂ ਰਹੀਆਂ ਹਨ।

ਖ਼ਬਰ ਏਜੰਸੀ ਰਾਇਟਰਜ਼ ਦੀ ਖਬਰ ਮੁਤਾਬਕ ਆਈ.ਆਰ.ਜੀ.ਸੀ. ਦੀ ਧਮਕੀ ਵਿਚ ਸੂਚੀਬੱਧ 18 ਕੰਪਨੀਆਂ ਵਿਚ ਗੂਗਲ, ਮਾਈਕ੍ਰੋਸਾਫਟ, ਐਪਲ, * ਬਾਕੀ ਸਫ਼ਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਈਰਾਨ ਨੇ ਮੁੜ ਦਿੱਤੀ ਵੱਡੀ ਚੇਤਾਵਨੀ-

## 'ਅਮਰੀਕਾ ਨੂੰ ਫ਼ੌਜ ਭੇਜਣ ਦੀ ਗਲਤੀ ਪਵੇਗੀ ਮਹਿੰਗੀ'




ਮਹੀਨਾ ਪਾਰ ਕਰ ਗਈ ਇਸ ਜੰਗ ਵਿਚ ਈਰਾਨ ਨੇ ਅਮਰੀਕਾ ਨੂੰ ਫਿਰ ਤੋਂ ਵੱਡੀ ਧਮਕੀ ਦਿੱਤੀ ਹੈ। ਈਰਾਨ ਵੱਲੋਂ ਕਿਹਾ ਗਿਆ ਹੈ ਕਿ ਨਾ ਹੀ ਸਟ੍ਰੇਟ ਆਫ ਹਾਰਮੁਜ਼ ਖੋਲ੍ਹਿਆ ਜਾਵੇਗਾ ਤੇ ਨਾ ਹੀ ਕਿਸੇ ਕਿਸੇ ਦੀ ਗੱਲਬਾਤ ਹੋਵੇਗੀ। ਜੇਕਰ ਉਹ ਜ਼ਮੀਨੀ ਹਮਲਾ ਕਰਨ ਲਈ ਫੌਜ ਭੇਜਣ ਦੀ ਗਲਤੀ ਕਰਦਾ ਹੈ ਤਾਂ ਉਸ ਨੂੰ ਭਾਰੀ ਨੁਕਸਾਨ ਝੇਲਣਾ ਪਵੇਗਾ। ਵਿਦੇਸ਼ ਮੰਤਰੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਦੇਸ਼ 6 ਮਹੀਨਿਆਂ ਤੱਕ ਜੰਗ ਜਾਰੀ ਰਹਿ ਸਕਦਾ ਹੈ। ਜੰਗ ਲਈ ਈਰਾਨ ਪੂਰੀ ਤਰ੍ਹਾਂ ਤਿਆਰ ਹੈ।

ਹਾਲਾਂਕਿ ਮੰਤਰੀ ਨੇ ਸਾਫ ਕਿਹਾ ਕਿ ਜੇਕਰ ਅਮਰੀਕਾ ਵੱਲੋਂ ਜ਼ਮੀਨੀ ਹਮਲਾ ਹੁੰਦਾ ਵੀ ਹੈ ਤਾਂ ਈਰਾਨ ਇਸ ਹਮਲੇ ਦਾ ਜਵਾਬ ਦੇਣ ਦੇ ਸਮਰੱਥ ਹਨ। ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇਮੌਜੂਦਾ ਹਾਲਾਤਾਂ ਦੇ ਆਧਾਰ 'ਤੇ ਈਰਾਨ ਨਾਲ ਜੰਗ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਸਭ ਤੋਂ ਵੱਧ ਤਰਜੀਹ ਰੱਖਦੀ ਹੈ। ਅਸੀਂ ਆਪਣੇ ਦੇਸ਼ ਲਈ ਕਿਸੇ ਵੀ ਹੱਦ ਤੱਕ ਜਾਵਾਂਗੇ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਜੰਗ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਈਰਾਨ ਨਾਲ ਚੱਲ ਰਹੀ ਜੰਗ 2 ਤੋਂ 3 ਹਫਤਿਆਂ ਤੱਕ ਖਤਮ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣਾ ਉਦੇਸ਼ ਪਹਿਲਾਂ ਹੀ ਹਾਸਲ ਕਰ ਲਿਆ ਹੈ ਤੇ ਮਿਸ਼ਨ ਆਪਣੇ ਆਖਰੀ ਪੜਾਅ 'ਤੇ ਹੈ। ਜੰਗ ਦੇ ਨਾਲ ਮਿਡਲ ਈਸਟ ਨੂੰ 18 ਲੱਖ ਕਰੋੜ ਦਾ ਨੁਕਸਾਨ ਹੋਇਆ ਹੈ ਤੇ ਹੋਰ ਵੀ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਈਰਾਨ ਦੇ ਸੀਨੀਅਰ ਸੰਸਦ ਮੈਂਬਰ ਨੇ ਕਿਹਾ ਕਿ ਹੋਰਮੁਜ਼ ਨਹੀਂ ਖੋਲ੍ਹਿਆ ਜਾਵੇਗਾ ਤੇ ਨਾ ਹੀ ਕਿਸੇ ਤਰ੍ਹਾਂ ਦੀ ਗੱਲਬਾਤ ਕੀਤੀ ਜਾਵੇਗਾ।

# ਸ਼ਗਨਪ੍ਰੀਤ ਦਾ ਪਿਤਾ ਸੌਦਾਗਰ ਸਿੰਘ ਗ੍ਰਿਫ਼ਤਾਰ

ਲੁਧਿਆਣਾ: ਖੰਨਾ ਪੁਲਿਸ ਨੇ ਸ਼ਗਨਪ੍ਰੀਤ ਸਿੰਘ ਦੇ ਪਿਤਾ ਸੌਦਾਗਰ ਸਿੰਘ ਨੂੰ ਪਾਇਲ ਇਲਾਕੇ ਤੋਂ ਗ੍ਰਿਫਤਾਰ ਕੀਤਾ ਹੈ। ਸੌਦਾਗਰ ਸਿੰਘ 'ਤੇ ਇਕ ਆੜ੍ਹਤੀ ਤੋਂ 1 ਕਰੋੜ ਰੁਪਏ ਦੀ ਫਿਰੌਤੀ ਮੰਗਣ ਦਾ ਇਲਜ਼ਾਮ ਹੈ । ਜ਼ਿਕਰਯੋਗ ਹੈ ਕਿ ਸ਼ਗਨਪ੍ਰੀਤ ਸਿੰਘ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਮੈਨੇਜਰ ਰਹਿ ਚੁੱਕਿਆ ਹੈ।

ਪੁਲਿਸ ਜਾਂਚ ਅਨੁਸਾਰ ਪਾਇਲ ਖੇਤਰ ਦੇ ਇਕ ਆੜ੍ਹਤੀ ਨੂੰ ਫੋਨ ਕਰਕੇ 1 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ ਅਤੇ ਫੋਨ ਕਰਨ ਵਾਲੇ ਨੇ ਖੁਦ ਨੂੰ ਗੈਂਗਸਟਰ ਡੋਨੀ ਬਲ ਦੱਸਿਆ ਸੀ। ਸ਼ਿਕਾਇਤ ਮਿਲਣ ਤੋਂ ਬਾਅਦ ਜਦੋਂ ਪੁਲਿਸ ਨੇ ਜਾਂਚ ਕੀਤੀ ਤਾਂ ਸਾਹਮਣੇ ਆਇਆ ਕਿ ਇਹ ਫਿਰੌਤੀ ਦੀ ਮੰਗ ਆਸਟ੍ਰੇਲੀਆ ਵਿਚ ਬੈਠੇ ਸ਼ਗਨਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਸੌਦਾਗਰ ਸਿੰਘ ਵੱਲੋਂ ਕੀਤੀ ਗਈ ਸੀ । ਸਬੂਤਾਂ ਦੇ ਆਧਾਰ 'ਤੇ ਪੁਲਸ ਨੇ ਸੌਦਾਗਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਇਰਾਕ 'ਚ ਜੰਗ ਦੌਰਾਨ ਵਿਦੇਸ਼ੀ ਪੱਤਰਕਾਰ ਅਗਵਾ, ਇਕ ਸ਼ੱਕੀ ਗ੍ਰਿਫ਼ਤਾਰ



ਅਮਰੀਕਾ-ਇਜ਼ਰਾਈਲ ਅਤੇ ਈਰਾਨ ਜੰਗ ਦਰਮਿਆਨ ਇਰਾਕ ਦੀ ਰਾਜਧਾਨੀ ਬਗਦਾਦ ਤੋਂ ਇਕ ਬਹੁਤ ਹੀ ਚਿੰਤਾਜਨਕ ਖਬਰ ਸਾਹਮਣੇ ਆਈ ਹੈ। ਇਰਾਕੀ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਇੱਕ ਵਿਦੇਸ਼ੀ ਮਹਿਲਾ ਪੱਤਰਕਾਰ ਨੂੰ ਅਗਵਾ ਕਰ ਲਿਆ ਗਿਆ ਹੈ। ਜਿਸ ਨੂੰ ਬਚਾਉਣ ਲਈ ਪੂਰੇ ਸ਼ਹਿਰ ਵਿੱਚ ਵੱਡੇ ਸੁਰੱਖਿਆ ਅਭਿਆਨ ਚਲਾਇਆ ਗਿਆ ਹੈ। ਰਿਪੋਰਟਾਂ ਅਨੁਸਾਰ ਅਗਵਾ ਕੀਤੀ ਗਈ ਔਰਤ ਦੀ ਪਛਾਣ ਅਮਰੀਕੀ ਪੱਤਰਕਾਰ ਸ਼ੈਲੀ ਕਿਟਲਸਨ ਵਜੋਂ ਹੋਈ ਹੈ।

ਇਰਾਕੀ ਗ੍ਰਹਿ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਸੁਰੱਖਿਆ ਬਲਾਂ ਨੇ ਹਾਈਜੈਕਰਾਂ ਦੇ ਵਾਹਨ ਦਾ ਪਿੱਛਾ ਕੀਤਾ। ਇਸ ਦੌਰਾਨ ਅਗਵਾਕਾਰਾਂ ਦੀ ਕਾਰ ਪਲਟ ਗਈ, ਜਿਸ ਤੋਂ ਬਾਅਦ ਸੁਰੱਖਿਆ ਬਲਾਂ ਨੇ ਇਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਵਾਰਦਾਤ 'ਚ ਵਰਤੀ ਗਈ ਗੱਡੀ ਨੂੰ ਜ਼ਬਤ ਕਰ ਲਿਆ ਗਿਆ ਹੈ। ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, "ਪੱਤਰਕਾਰ ਦੀ ਸੁਰੱਖਿਅਤ ਰਿਹਾਈ ਅਤੇ ਬਾਕੀ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਲਈ ਯਤਨ ਜਾਰੀ ਹਨ। ਇਸ ਅਪਰਾਧਿਕ ਕਾਰਵਾਈ ਵਿੱਚ ਸ਼ਾਮਿਲ ਸਾਰੇ ਲੋਕਾਂ ਵਿਰੁੱਧ ਕਾਨੂੰਨ ਦੇ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।"

ਬਿਆਨ ਵਿਚ ਕਿਹਾ ਗਿਆ ਹੈ ਕਿ ਇਕ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਗਵਾ ਵਿੱਚ ਵਰਤੀ ਗਈ ਇੱਕ ਗੱਡੀ ਨੂੰ ਜ਼ਬਤ ਕਰ ਲਿਆ ਗਿਆ ਹੈ, ਪਰ ਬਾਕੀ ਅਜੇ ਫਰਾਰ ਹਨ। ਬਗਦਾਦ ਸਥਿਤ ਅਮਰੀਕੀ ਦੂਤਾਵਾਸ ਦੇ ਬੁਲਾਰੇ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਈਰਾਨ ਯੁੱਧ ਵਿਚ ਨਾਟੋ ਸਹਿਯੋਗੀਆਂ ਤੋਂ ਮਦਦ ਮੰਗਣ, ਨਾਟੋ ਸਹਿਯੋਗੀਆਂ ਦੀ ਲੋੜ ਨਾ ਹੋਣ ਦਾ ਐਲਾਨ ਕਰਨ, ਤਹਿਰਾਨ ਦੇ ਊਰਜਾ ਢਾਂਚੇ ਨੂੰ ਤਬਾਹ ਕਰਨ ਦੀ ਧਮਕੀ ਦੇਣ ਅਤੇ ਫਿਰ ਰਾਤੋ-ਰਾਤ ਅਜਿਹੇ ਹਮਲਿਆਂ ਨੂੰ ਮੁਲਤਵੀ ਕਰਨ ਦੇ ਬਦਲਦੇ ਰੁਖ ਤੋਂ ਅਮਰੀਕੀ ਭੰਬਲਭੂਸੇ ਵਿਚ ਹਨ।

# ਪੇਜ ਇੱਕ ਦੀ ਬਾਕੀ

## ਕੈਨੇਡਾ ਨੇ ਖੋਲ੍ਹਿਆ...

ਹਜ਼ਾਰਾਂ ਭਾਰਤੀ ਨਾਗਰਿਕਾਂ ਉਤੇ ਮੁਸ਼ਕਲਾਂ ਦੇ ਬੱਦਲ ਮੰਡਰਾਉਣੇ ਸ਼ੁਰੂ ਹੋ ਗਏ। ਨਵਾਂ ਕਾਨੂੰਨ ਸਿਰਫ਼ ਅਸਾਇਲ ਕਲੇਮ ਹੀ ਨਹੀਂ, ਸਗੋਂ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪਰਮਾਨੈਂਟ ਰੈਜ਼ੀਡੈਂਸੀ ਰੱਦ ਕਰਨ ਦਾ ਅਖਤਿਆਰ ਇੰਮੀਗ੍ਰੇਸ਼ਨ ਮਹਿਕਮੇ ਨੂੰ ਮੁਹੱਈਆ ਕਰਵਾਉਂਦਾ ਹੈ। 2025 ਦੇ ਪਹਿਲੇ ਛੇ ਮਹੀਨੇ ਦੌਰਾਨ ਤਕਰੀਬਨ 10 ਹਜ਼ਾਰ ਭਾਰਤੀ ਨਾਗਰਿਕਾਂ ਨੇ ਕੈਨੇਡਾ ਵਿਚ ਪਨਾਹ ਮੰਗੀ ਜਿਨ੍ਹਾਂ ਵਿਚੋਂ ਜ਼ਿਆਦਾਤਰ ਦੇ ਦਾਅਵੇ ਪ੍ਰਵਾਨ ਹੋਣ ਦੇ ਕੋਈ ਆਸਾਰ ਨਹੀਂ। ਨਵੇਂ ਨਿਯਮਾਂ ਤਹਿਤ 24 ਜੂਨ 2020 ਤੋਂ ਬਾਅਦ ਆਇਆ ਪਨਾਹ ਦਾ ਕੋਈ ਦਾਅਵਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਜੋ ਸਬੰਧਤ ਸ਼ਖਸ ਨੇ ਕੈਨੇਡਾ ਵਿਚ ਇਕ ਸਾਲ ਲੰਘਾਉਣ ਤੋਂ ਬਾਅਦ ਦਾਖਲ ਕੀਤਾ ਹੋਵੇ। ਇਹ ਨਿਯਮ ਤਾਂ ਵੀ ਲਾਗੂ ਹੋਵੇਗਾ ਜੇ ਸਬੰਧਤ ਸ਼ਖਸ ਇਕ ਵਾਰ ਕੈਨੇਡਾ ਛੱਡ ਗਿਆ ਅਤੇ ਬਾਅਦ ਵਿਚ ਵਾਪਸੀ ਕਰਦਿਆਂ ਪਨਾਹ ਦਾ ਦਾਅਵਾ ਦਾਖਲ ਕੀਤਾ।

ਅਮਰੀਕਾ ਦੇ ਰਸਤੇ ਗੈਰਕਾਨੂੰਨੀ ਤਰੀਕੇ ਨਾਲ ਕੈਨੇਡਾ ਦਾਖਲ ਹੋਣ ਵਾਲਿਆਂ ਦੇ ਅਸਾਇਲਮ ਕਲੇਮ ਪ੍ਰਵਾਨ ਨਹੀਂ ਕੀਤੇ ਜਾਣਗੇ ਜੇ ਇਹ ਕੈਨੇਡਾ ਆਉਣ ਤੋਂ 14 ਦਿਨ ਬਾਅਦ ਦਾਖਲ ਕੀਤੇ ਗਏ ਹੋਣਗੇ। ਬਿਲ ਸੀ-12 ਲਾਗੂ ਹੋਣ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ ਬਗੈਰ ਐਲ.ਐਮ.ਆਈ.ਏ. ਵਾਲੇ ਵਰਕ ਪਰਮਿਟ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਕੈਨੇਡਾ ਵਿਚ ਜ਼ਿਆਦਾਤਰ ਨੌਕਰੀਆਂ ਵਾਸਤੇ ਵਰਕ ਪਰਮਿਟ ਤਾਂ ਹੀ ਮਿਲ ਸਕਦਾ ਹੈ ਜੇ ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਤੋਂ ਹਾਂਪੱਖੀ ਐਲ.ਐਮ.ਆਈ.ਏ. ਮਿਲਿਆ ਹੋਵੇ। ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਦੀ ਹਰੀ ਝੰਡੀ ਦਰਸਾਉਂਦੀ ਹੈ ਕਿ ਸਬੰਧਤ ਕੰਪਨੀ ਜਾਂ ਇੰਪਲੌਇਰ ਨੂੰ ਕੈਨੇਡਾ ਵਿਚ ਢੁਕਵੇਂ ਕਿਰਤੀ ਨਹੀਂ ਮਿਲ ਰਹੇ ਅਤੇ ਉਹ ਵਿਦੇਸ਼ੀ ਕਾਮੇ ਨੂੰ ਭਰਤੀ ਕਰਨਾ ਚਾਹੁੰਦੇ ਹਨ ਪਰ ਇਸ ਨਾਲ ਕੈਨੇਡੀਅਨ ਕਿਰਤੀ ਬਾਜ਼ਾਰ ਉਤੇ ਕੋਈ ਮਾੜਾ ਅਸਰ ਨਹੀਂ ਪਵੇਗਾ। 6 ਫ਼ੀ ਸਦੀ ਤੋਂ ਵੱਧ ਬੇਰੁਜ਼ਗਾਰੀ ਵਾਲੇ ਇਲਾਕਿਆਂ ਵਿਚ ਇਸ ਵੇਲੇ ਐਲ.ਐਮ.ਆਈ.ਏ. 'ਤੇ ਪਾਬੰਦੀ ਲੱਗੀ ਹੋਈ ਹੈ।

## ਰੂਸੀ AN-26 ਫੌਜੀ...

ਰੱਖਿਆ ਮੰਤਰਾਲੇ ਦੇ ਅਨੁਸਾਰ, ਜਹਾਜ਼ 'ਤੇ "ਬਾਹਰੀ ਪ੍ਰਭਾਵ ਦੇ ਕੋਈ ਸੰਕੇਤ" ਨਹੀਂ ਮਿਲੇ, ਜਿਸ ਦਾ ਅਰਥ ਹੈ ਕਿ ਇਸ ਨੂੰ ਯੂਕਰੇਨ ਨੇ ਨਹੀਂ ਡੇਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜਹਾਜ਼ ਨਾਲ ਸੰਪਰਕ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਟੁੱਟ ਗਿਆ ਸੀ। ਸ਼ੁਰੂਆਤੀ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਜਹਾਜ਼ ਵਿੱਚ ਤਕਨੀਕੀ ਨੁਕਸ ਆਇਆ ਹੋਣਾ।

ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਹਾਦਸਾ ਤਕਨੀਕੀ ਖਰਾਬੀ ਕਾਰਨ ਹੋਇਆ ਹੋਣ ਦੀ ਸੰਭਾਵਨਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਇੱਕ ਫੌਜੀ ਕਮਿਸ਼ਨ ਭੇਜਿਆ ਗਿਆ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਜਹਾਜ਼ 'ਤੇ ਬਾਹਰੀ ਪ੍ਰਭਾਵ ਦੇ ਕੋਈ ਸੰਕੇਤ ਨਹੀਂ ਮਿਲੇ, ਜਿਸ ਤੋਂ ਪਤਾ ਲੱਗਦਾ ਹੈ ਕਿ ਮਿਜ਼ਾਈਲਾਂ, ਡਰੋਨ ਜਾਂ ਪੰਛੀਆਂ ਦੇ ਟਕਰਾਉਣ ਵਰਗੇ ਕਾਰਕ ਸ਼ਾਮਲ ਨਹੀਂ ਸਨ।

## ਅਮਰੀਕਾ 'ਚ ਪੰਜਾਬੀ...

ਓਹੀਓ ਪੁਲਿਸ ਨੇ ਦੱਸਿਆ ਕਿ ਹਾਦਸਾ 16 ਫਰਵਰੀ, 2026 ਨੂੰ ਰਾਤ ਲਗਭਗ 8:15 ਵਜੇ ਹੋਇਆ ਸੀ। ਦੋਸ਼ੀ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਸੀ। ਉਹ 23 ਮਾਰਚ, 2026 ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋਇਆ। ਹਾਦਸੇ ਵਿੱਚ ਲੜਕੀ ਦੀ ਮੌਤ ਨੇ ਸਥਾਨਕ ਲੋਕਾਂ ਵਿੱਚ ਭਾਰਤੀ ਡਰਾਈਵਰਾਂ ਬਾਰੇ ਸੋਸ਼ਲ ਮੀਡੀਆ 'ਤੇ ਬਹਿਸ ਛੇੜ ਦਿੱਤੀ ਹੈ। ਪੁਲਿਸ ਹਾਦਸੇ ਵਿੱਚ ਮਰਨ ਵਾਲੀ ਲੜਕੀ ਅਤੇ ਦੋਸ਼ੀ ਵਿਚਕਾਰ ਸਬੰਧਾਂ ਦੀ ਵੀ ਜਾਂਚ ਕਰ ਰਹੀ ਹੈ।

## ਕੈਨੇਡਾ ਦੇ ਸਰੀ ਵਿੱਚ...

ਵੀ ਪੁਲੀਸ ਦੀਆਂ ਨਜ਼ਰਾਂ ਵਿੱਚ ਸੀ ਅਤੇ ਉਸ ਦੇ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ, ਜਿਸ ਕਾਰਨ ਇਹ ਇੱਕ ਟਾਰਗੇਟਿਡ ਹਮਲਾ ਜਾਪਦਾ ਹੈ।

ਚਸ਼ਮਦੀਦਾਂ ਮੁਤਾਬਕ ਇੱਕ ਗੂੜ੍ਹੇ ਰੰਗ ਦੀ ਸ਼ੂਡ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਵਿੱਚੋਂ ਨਿਕਲੇ ਦੋ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ। ਘਟਨਾ ਵਾਲੀ ਥਾਂ ਦੇ ਨੇੜੇ ਇੱਕ ਸੜਦੀ ਹੋਈ ਗੱਡੀ ਵੀ ਬਰਾਮਦ ਹੋਈ ਹੈ, ਜੋ ਅਕਸਰ ਗੈਂਗਵਾਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਸਰੀ ਵਿੱਚ ਪਿਛਲੇ 48 ਘੰਟਿਆਂ ਵਿੱਚ ਗੋਲੀਬਾਰੀ ਦੀ ਇਹ ਚੌਥੀ ਘਟਨਾ ਹੈ ਅਤੇ ਅਧਿਕਾਰੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ।

## ਕੈਨੇਡਾ ਦੇ ਹਾਊਸ...

ਰੋਕਥਾਮ ਅਪਰਾਧ (Obstruction Offence): ਧਾਰਮਿਕ, ਸਭਿਆਚਾਰਕ ਜਾਂ ਹੋਰ ਜਨਤਕ ਥਾਵਾਂ ਤੱਕ ਕਾਨੂੰਨੀ ਪਹੁੰਚ ਰੋਕਣਾ ਗੈਰ-ਕਾਨੂੰਨੀ ਹੋਵੇਗਾ। ਕਿਸੇ ਵੀ ਸ਼ਖ਼ਸ ਨੂੰ ਆਪਣੇ ਧਾਰਮਿਕ ਜਾਂ ਸਭਿਆਚਾਰਕ ਥਾਵਾਂ ਤੱਕ ਪਹੁੰਚਣ ਤੋਂ ਰੋਕਨਾ ਨਫ਼ਰਤੀ ਅਪਰਾਧ ਦੀ ਸ਼੍ਰੇਣੀ ਵਿੱਚ ਆਵੇਗਾ ਇਸ ਲਈ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਅਗਰ ਕਿਸੇ ਨੂੰ ਚਰਚ, ਮਸਜਿਦ, ਮੰਦਰ ਜਾਂ ਗੁਰਦੁਆਰੇ ਤੱਕ ਪਹੁੰਚਣ ਤੋਂ ਰੋਕਿਆ ਜਾਂਦਾ ਹੈ ਜਾਂ ਫਿਰ ਉਸਨੂੰ ਆਪਣੀ ਆਸਥਾ ਪ੍ਰਗਟ ਕਰਨ ਨਹੀਂ ਦਿੱਤੀ ਜਾਂਦੀ ਤਾਂ ਇਸਨੂੰ ਨਫ਼ਰਤੀ ਅਪਰਾਧ ਦੀ ਸ਼੍ਰੇਣੀ ਵਿੱਚ ਗਿਣਿਆ ਜਾਵੇਗਾ। ਕੈਨੇਡਾ ਵਿੱਚ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਸਨ ਜਿਸ ਵਿੱਚ ਕੁੱਝ ਫਿਰਕਿਆਂ ਨਾਲ ਸਬੰਧਤ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਸਥਾਨਾਂ ਅੰਦਰ ਦਾਖਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਹੋਈ ਸੀ ਜਾਂ ਉੱਥੇ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ।

ਨਫ਼ਰਤੀ ਅਪਰਾਧ (Hate Crime Offence): ਆਮ ਜਾਂ ਗੰਭੀਰ ਅਪਰਾਧਾਂ ਨੂੰ ਨਫ਼ਰਤ ਦੀ ਭਾਵਨਾ ਨਾਲ ਕੀਤੇ ਗਏ ਹੋਣ ਤੇ ਵਧੇਰੇ ਸਖ਼ਤ ਸਜ਼ਾ ਲਗਾਉਣ ਲਈ ਨਵੀਂ ਧਾਰਾ ਬਣਾਈ ਗਈ ਹੈ। ਇਸ ਨਾਲ ਨਫ਼ਰਤ-ਪ੍ਰੇਰਿਤ ਅਪਰਾਧਾਂ ਨੂੰ ਵਧੇਰੇ ਸਪੱਸ਼ਟ ਤੌਰ 'ਤੇ ਨਿਸ਼ਾਨਬੱਧ ਕੀਤਾ ਜਾ ਸਕਦਾ ਹੈ। ਪੁਲਿਸ ਕੋਲ ਅਧਿਕਾਰ ਹੋਵੇਗਾ ਕਿ ਉਹ ਬਿਨਾਂ ਅਟਾਰਨੀ ਜਨਰਲ ਦੀ ਸਹਿਮਤੀ ਤੋਂ ਵੀ ਨਫ਼ਰਤ ਨਾਲ ਸਬੰਧਤ ਚਾਰਜ਼ ਲਗਾ ਸਕਦੀ ਹੈ। ਕੈਨੇਡਾ ਵਿੱਚ ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਅਪਰਾਧ ਨਸਲੀ ਨਫ਼ਰਤ ਵਜੋਂ ਹੋਏ ਹਨ ਜਿਸ ਵਿੱਚ ਕਤਲ ਤੱਕ ਕਰ ਦਿੱਤੇ ਗਏ ਸਨ।

ਨਫ਼ਰਤ ਨੂੰ ਹੱਲਾਸ਼ੇਰੀ ਦਿੰਦੇ ਚਿੰਨ੍ਹਾਂ ਦੇ ਪ੍ਰਚਾਰ ਨੂੰ ਰੋਕਣਾ (Preventing the promotion of symbols that promote hatred) : ਜਨਤਕ ਥਾਵਾਂ ਤੇ ਨਫ਼ਰਤ ਭਰੇ ਜਾਂ ਆਤੰਕਵਾਦੀ ਚਿੰਨ੍ਹਾਂ (ਜਿਵੇਂ ਨਾਜ਼ੀ ਸਵਾਸਤਿਕ, ਆਈਐੱਸਆਈਐੱਸ ਜਾਂ ਹਮਾਸ ਵਰਗੇ ਗਰੁੱਪਾਂ ਦੇ ਚਿੰਨ੍ਹ) ਨੂੰ ਵਿਖਾਉਣਾ ਗੈਰ-ਕਾਨੂੰਨੀ ਹੋਵੇਗਾ, ਇਹ ਚਿੰਨ੍ਹ ਨਫ਼ਰਤ ਨੂੰ ਹੱਲਾਸ਼ੇਰੀ ਦਿੰਦੇ ਹਨ ਇਹ ਕਾਨੂੰਨ ਵਿੱਚ ਮੰਨਿਆ ਗਿਆ ਹੈ। ਕੈਨੇਡਾ ਵਿੱਚ ਕੁੱਲ 87 ਜੱਥੇਬੰਦੀਆਂ ਨੂੰ ਦਹਿਸ਼ਤਗਰਦ ਸੰਗਠਨਾਂ ਵਜੋਂ ਬੈਨ ਕੀਤਾ ਗਿਆ ਹੈ। ਇੰਨਾ ਸੰਗਠਨਾਂ ਨਾਲ ਸਬੰਧਤ ਚਿੰਨ੍ਹਾਂ ਜਾਂ ਝੰਡਿਆਂ ਨੂੰ ਪ੍ਰਦਰਸ਼ਿਤ ਕਰਨ ਤੇ ਰੋਕ ਲਗਾਈ ਗਈ ਹੈ। ਇਹ ਬਿਲ ਨਫ਼ਰਤ ਭਰੇ ਭਾਸ਼ਣਾਂ (hate propaganda) ਲਈ ਐਟਾਰਨੀ ਜਨਰਲ ਦੀ ਇਜਾਜ਼ਤ ਦੀ ਲੋੜ ਨੂੰ ਖਤਮ ਕਰਦਾ ਹੈ ਅਤੇ ਨਫ਼ਰਤ ਦੀ ਦੀ ਪਰਿਭਾਸ਼ਾ ਨੂੰ ਵਧੇਰੇ ਸਪੱਸ਼ਟ ਕਰਦਾ ਹੈ।

ਵਿਵਾਦ ਅਤੇ ਵਿਰੋਧ: ਬਿਲ ਸੀ-9 ਦਾ ਜਿੱਥੇ ਸਮਰਥਨ ਵੀ ਹੋਇਆ ਹੈ ਉੱਥੇ ਹੀ ਇਸ ਉੱਤੇ ਵਿਵਾਦ ਅਤੇ ਇਤਰਾਜ਼ ਵੀ ਹਨ ਹੈ। ਇਸ ਦੇ ਸਮਰਥਕਾਂ, ਖਾਸ ਕਰਕੇ ਯਹੂਦੀ ਭਾਈਚਾਰੇ ਅਤੇ ਕੁਝ ਹੋਰ ਧਾਰਮਿਕ ਗਰੁੱਪਾਂ ਨੇ ਇਸ ਨੂੰ ਨਫ਼ਰਤ ਵਾਲੀਆਂ ਘਟਨਾਵਾਂ (ਜਿਵੇਂ ਐਂਟੀਸੈਮੀਟਿਜ਼ਮ ਅਤੇ ਇਸਲਾਮੋਫੋਬੀਆ) ਵਧਣ ਤੋਂ ਰੋਕਣ ਲਈ ਲਾਜ਼ਮੀ ਦੱਸਿਆ ਹੈ। ਉਨ੍ਹਾਂ ਅਨੁਸਾਰ ਇਸ ਨਾਲ ਧਾਰਮਿਕ ਥਾਵਾਂ ਤੇ ਹਮਲਿਆਂ ਅਤੇ ਨਫ਼ਰਤ ਭਰੀਆਂ ਘਟਨਾਵਾਂ ਨੂੰ ਰੋਕਣ ਵਿੱਚ ਮੱਦਦ ਮਿਲੇਗੀ। ਦੂਜੇ ਪਾਸੇ, ਵਿਰੋਧੀਆਂ (ਖਾਸ ਕਰਕੇ ਕੰਜ਼ਰਵੇਟਿਵ ਪਾਰਟੀ, ਐੱਨਡੀਪੀ ਅਤੇ ਕਈ ਸਿਵਲ ਲਿਬਰਟੀਜ਼ ਗਰੁੱਪਾਂ) ਨੇ ਚਿੰਤਾ ਜਤਾਈ ਹੈ ਕਿ ਇਸ ਬਿਲ ਨਾਲ ਬੋਲਣ ਦੀ ਆਜ਼ਾਦੀ (freedom of expression) ਅਤੇ ਧਰਮ ਦੀ ਆਜ਼ਾਦੀ (religious freedom) ਤੇ ਅਸਰ ਪੈ ਸਕਦਾ ਹੈ। ਖਾਸ ਤੌਰ ਤੇ, ਬਿਲ ਵਿਚ ਪੁਰਾਣੀ ਧਾਰਾ ਨੂੰ ਹਟਾਇਆ ਗਿਆ ਹੈ ਜਿਸ ਵਿਚ ਧਾਰਮਿਕ ਗ੍ਰੰਥਾਂ ਤੋਂ ਉਦਾਹਰਨ ਦੇਣ ਜਾਂ ਧਾਰਮਿਕ ਵਿਸ਼ਿਆਂ ਤੇ ਚੰਗੀ ਨੀਅਤ ਨਾਲ ਗੱਲ ਕਰਨ ਵਾਲਿਆਂ ਲਈ ਵੀ ਬਚਾਅ ਸੀ। ਇਸ ਨੂੰ ਹਟਾਉਣ ਨਾਲ ਧਾਰਮਿਕ ਲੋਕਾਂ ਲਈ ਆਪਣੇ ਧਰਮ ਬਾਰੇ ਚਰਚਾ ਕਰਨਾ ਖਤਰਨਾਕ ਹੋ ਸਕਦਾ ਹੈ।

ਕਈ ਫੈਥ ਗਰੁੱਪਾਂ ਖ਼ਾਸਕਰ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ, ਕੈਥੋਲਿਕ ਚਰਚਾਂ ਤੇ ਵੱਖ-ਵੱਖ ਧਾਰਮਿਕ ਸੰਗਠਨਾਂ ਅਤੇ 300 ਤੋਂ ਵੱਧ ਸੰਸਥਾਵਾਂ ਨੇ ਬਿਲ ਦੇ ਵਿਰੋਧ ਵਿਚ ਆਵਾਜ਼ ਉਠਾਈ ਹੈ। ਉਨ੍ਹਾਂ ਅਨੁਸਾਰ ਇਸ ਦੀ ਭਾਸ਼ਾ ਬਹੁਤ ਅਸਪੱਸ਼ਟ ਹੈ ਅਤੇ ਇਸ ਨਾਲ ਸ਼ਾਂਤੀਪੂਰਵਕ ਪ੍ਰਦਰਸ਼ਨ ਵੀ ਅਪਰਾਧ ਵਜੋਂ ਗਿਣੇ ਜਾ ਸਕਦੇ ਹਨ। ਕੈਨੇਡਾ ਦੀ ਪ੍ਰਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਵੱਲੋਂ ਵੀ ਇਸ ਬਿਲ ਦੇ ਵਿਰੋਧ ਵਿੱਚ ਹਾਊਸ ਆਫ਼ ਕਾਮਨਜ਼ ਵਿੱਚ ਵੋਟਿੰਗ ਕੀਤੀ ਗਈ ਹੈ। ਹਾਊਸ ਆਫ਼ ਕਾਮਨਜ਼ ਵਿੱਚ ਪਾਸ ਹੋਣ ਤੋਂ ਬਾਅਦ ਇਹ ਬਿਲ ਸੈਨੇਟ ਵਿੱਚ ਗਿਆ ਹੈ, ਜਿੱਥੇ ਸੈਨੇਟਰ ਇਸ ਦੀ ਹੋਰ ਸਮੀਖਿਆ ਕਰਨਗੇ ਅਤੇ ਸੰਭਵ ਤੌਰ ਤੇ ਕੁੱਝ ਸੋਧਾਂ ਸੁਝਾ ਸਕਦੇ ਹਨ। ਜੇਕਰ ਸੈਨੇਟ ਵੀ ਇਸ ਨੂੰ ਪਾਸ ਕਰ ਦਿੰਦਾ ਹੈ ਤਾਂ ਰਾਇਲ ਐਸੇਂਟ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਇਹ ਬਿਲ ਕੈਨੇਡਾ ਵਿਚ ਵਧਦੀਆਂ ਨਫ਼ਰਤ ਭਰੀਆਂ ਘਟਨਾਵਾਂ (ਖਾਸ ਕਰਕੇ ਯਹੂਦੀ, ਮੁਸਲਿਮ ਅਤੇ ਹੋਰ ਭਾਈਚਾਰਿਆਂ ਤੇ ਹਮਲੇ) ਦੇ ਪਿਛੋਕੜ ਦੇ ਸੰਦਰਭ ਵਿੱਚ ਲਿਆਂਦਾ ਗਿਆ ਸੀ। ਕੈਨੇਡਾ ਵਾਸੀਆਂ ਲਈ ਇਹ ਬਿਲ ਇੱਕ ਮਹੱਤਵਪੂਰਨ ਵਿਸ਼ਾ ਅਤੇ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ। ਇੱਥੇ ਧਿਆਨ ਦੇਣ ਦੀ ਲੋੜ ਹੈ ਕਿ ਇਹ ਬਿਲ ਸਰਕਾਰ ਵੱਲੋਂ ਕਿਸੇ ਵੀ ਧਰਮ ਜਾਂ ਕਿਸੇ ਵੀ ਖ਼ਾਸ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਕੇ ਨਹੀਂ ਲਿਆਂਦਾ ਗਿਆ ਹੈ ਬਲਕਿ ਇਹ ਬਿਲ ਸਾਰੇ ਹੀ ਕੈਨੇਡੀਅਨ ਭਾਈਚਾਰਿਆਂ ਲਈ ਇੱਕੋ ਹੀ ਢੰਗ ਨਾਲ ਪੇਸ਼ ਆਵੇਗਾ।

## ਭਾਜਪਾ ਵੱਲੋਂ 2027...

ਭਾਜਪਾ ਦੀ ਹਾਈਕਮਾਂਡ ਵੀ ਹਾਜ਼ਰ ਸੀ। ਇਹ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਉਨ੍ਹਾਂ ਨੂੰ ਪੰਜਾਬ ਦੇ ਅਗਲੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾਵੇਗਾ, ਜਿਸ ਦੇ ਲਈ ਪਾਰਟੀ ਹਾਈਕਮਾਂਡ ਵੱਲੋਂ ਉੱਚ ਪੱਧਰੀ ਸਹਿਮਤੀ ਪ੍ਰਗਟਾਈ ਗਈ ਹੈ। ਭਾਜਪਾ ਚਾਹੁੰਦੀ ਸੀ ਕਿ ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕੋਈ ਅਜਿਹਾ ਸਿੱਖ ਆਗੂ ਚੁਣਿਆ ਜਾਵੇ, ਜੋ ਕਿ ਪੰਜਾਬ ਵਿਚ ਬੇਦਾਗ ਹੋਵੇ ਅਤੇ ਉਸ ਨੇ ਸਿੱਖਾਂ ਲਈ ਹੀ ਕੰਮ ਕੀਤਾ ਹੋਵੇ। ਭਾਵੇਂ ਕਿ ਹਰਵਿੰਦਰ ਸਿੰਘ ਫੂਲਕਾ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੰਮੀ ਕਾਨੂੰਨੀ ਲੜਾਈ ਲੜਦੇ ਰਹੇ ਹਨ, ਉਹ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਹੇ। ਪਰ ਬਾਅਦ ਵਿਚ ਉਨ੍ਹਾਂ ਨੇ ਦੰਗਿਆਂ ਨਾਲ ਸੰਬੰਧਤ ਕੇਸਾਂ 'ਤੇ ਧਿਆਨ ਕੇਂਦਰਿਤ ਕਰਨ ਲਈ 2019 'ਚ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ।

ਇਸ ਤੋਂ ਪਹਿਲਾਂ ਸ. ਫੂਲਕਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਇੱਛੁਕ ਸਨ ਪਰ ਉਨ੍ਹਾਂ ਦਾ ਇਹ ਕਦਮ ਸਿਰੇ ਨਹੀਂ ਚੜ੍ਹ ਸਕਿਆ। ਪਰ ਹੁਣ ਉਨ੍ਹਾਂ ਨੇ ਭਾਜਪਾ ਨਾਲ ਜੁੜਨ ਦਾ ਫੈਸਲਾ ਕੀਤਾ ਹੈ। ਇਥੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ. ਫੂਲਕਾ ਦੇ ਬੀ.ਜੇ.ਪੀ. ਵਿਚ ਆਉਣ ਨਾਲ ਪਾਰਟੀ ਵਿਚ ਨਵੀਂ ਰੂਹ ਫੂਕੀ ਜਾਵੇਗੀ ਅਤੇ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ।

## ਤੁਰਕੀ 'ਚ ਪ੍ਰਵਾਸੀਆਂ...

ਜਾ ਰਹੀ ਇਸ ਕਿਸ਼ਤੀ ਨੇ ਰੁਕਣ ਦੇ ਵਾਰ-ਵਾਰ ਦਿਤੇ ਗਏ ਇਸ਼ਾਰਿਆਂ ਨੂੰ ਅਣਗੌਲਿਆ ਕਰ ਦਿਤਾ ਅਤੇ ਤੇਜ਼ ਰਫ਼ਤਾਰ ਨਾਲ ਭੱਜਣ ਦੀ ਕੋਸ਼ਿਸ਼ ਕੀਤੀ।

ਕੋਸਟ ਗਾਰਡ ਵਲੋਂ ਕੀਤੇ ਗਏ ਪਿੱਛੇ ਦੌਰਾਨ, ਕਿਸ਼ਤੀ ਖ਼ਰਾਬ ਸਮੁੰਦਰੀ ਹਾਲਾਤ ਕਾਰਨ ਪਾਣੀ ਨਾਲ ਭਰਨੀ ਸ਼ੁਰੂ ਹੋ ਗਈ ਅਤੇ ਅੰਤ ਵਿਚ ਪਲਟ ਗਈ। ਹਾਦਸੇ ਤੋਂ ਤੁਰਤ ਬਾਅਦ ਕੋਸਟ ਗਾਰਡ ਦੀਆਂ ਬਚਾਅ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ 21 ਪ੍ਰਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ, ਜਦਕਿ 18 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਇਨ੍ਹਾਂ ਬਚਾਅ ਕਾਰਜਾਂ ਵਿਚ ਨੇੜਲੇ ਸ਼ਹਿਰ ਇਜ਼ਮੀਰ ਤੋਂ ਭੇਜੇ ਗਏ ਇਕ ਹੈਲੀਕਾਪਟਰ ਦੀ ਮਦਦ ਵੀ ਲਈ ਗਈ। ਅਧਿਕਾਰੀਆਂ ਅਨੁਸਾਰ ਬਚਾਅ ਟੀਮਾਂ ਅਜੇ ਵੀ ਹੋਰ ਸੰਭਾਵੀ ਪੀੜਤਾਂ ਦੀ ਭਾਲ ਲਈ ਖੋਜ ਮੁਹਿੰਮ ਚਲਾ ਰਹੀਆਂ ਹਨ। ਫਿਲਹਾਲ ਕਿਸ਼ਤੀ 'ਤੇ ਸਵਾਰ ਲੋਕਾਂ ਦੀ ਰਾਸ਼ਟਰੀਅਤਾ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲ ਸਕੀ ਹੈ।

## ਅਮਰੀਕੀ ਤਕਨੀਕੀ...

ਕੁਝ ਹੀ ਮਿੰਟਾਂ ਵਿਚ ਉਨ੍ਹਾਂ ਦਾ ਸਿਸਟਮ ਐਕਸੈੱਸ ਬੰਦ ਕਰ ਦਿੱਤਾ ਗਿਆ ਜਦਕਿ ਕੰਪਨੀ ਵੱਲੋਂ ਅਜੇ ਤੱਕ ਛਾਂਟੀ ਦਾ ਕਾਰਨ ਨਹੀਂ ਦੱਸਿਆ ਗਿਆ।

## ਇਰਾਨ ਨੇ ਗੂਗਲ ਅਤੇ...

ਇੰਟੈਲ, ਆਈ.ਬੀ.ਐਮ., ਟੈਸਲਾ ਅਤੇ ਬੋਇੰਗ ਸ਼ਾਮਲ ਹਨ। ਆਈ.ਆਰ.ਜੀ.ਸੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਬੁਧਵਾਰ 1 ਅਪ੍ਰੈਲ ਨੂੰ ਤਹਿਰਾਨ ਦੇ ਸਮੇਂ ਮੁਤਾਬਕ ਰਾਤ 8 ਵਜੇ ਤੋਂ ਇਰਾਨ ਵਿਚ ਹਰ ਅਤਿਵਾਦੀ ਕਾਰਵਾਈ ਦੇ ਬਦਲੇ ਵਿਚ ਅਪਣੀਆਂ ਇਕਾਈਆਂ ਦੇ ਤਬਾਹ ਹੋਣ ਦੀ ਉਮੀਦ ਕਰਨੀ ਚਾਹੀਦੀ ਹੈ। ਹਾਲਾਂਕਿ, ਰੈਵੋਲਿਊਸ਼ਨਰੀ ਗਾਰਡਜ਼ ਨੇ ਉਨ੍ਹਾਂ ਖਾਸ ਦੇਸ਼ਾਂ ਦਾ ਨਾਮ ਨਹੀਂ ਲਿਆ ਜਿੱਥੇ ਇਰਾਨੀ ਫੌਜ ਅਪਣੇ ਹਮਲੇ ਕਰੇਗੀ।

# ਕੈਨੇਡਾ 'ਚ ਆਰੰਭ ਹੋਇਆ ਸਿੱਖ ਵਿਰਾਸਤੀ ਮਹੀਨਾ

*** ਵੱਖ-ਵੱਖ ਰਾਜਾਂ ਵਿਚ ਉਲੀਕੇ ਗਏ ਸਿਲਸਿਲੇਵਾਰ ਸਮਾਗਮ**

*** ਦੁਨੀਆਂ ਨੂੰ ਸਿੱਖ ਵਿਰਸੇ ਬਾਰੇ ਜਾਣੂ ਕਰਵਾਉਣ ਦਾ ਬਿਹਤਰੀਨ ਮੌਕਾ**



ਬਰੈਂਪਟਨ : ਕੈਨੇਡਾ ਵਿਚ ਅੱਜ ਸਿੱਖ ਵਿਰਾਸਤੀ ਮਹੀਨਾ ਆਰੰਭ ਹੋ ਗਿਆ ਹੈ ਅਤੇ ਵੱਖ-ਵੱਖ ਰਾਜਾਂ ਵਿਚ ਵਸਦੇ ਭਾਈਚਾਰੇ ਵੱਲੋਂ ਸਿਲਸਿਲੇਵਾਰ ਸਮਾਗਮ ਉਲੀਕੇ ਗਏ ਹਨ। ਪੀਲ ਆਰਟ ਗੈਲਰੀ, ਮਿਊਜ਼ੀਅਮ ਐਂਡ ਆਰਕਾਈਵਜ਼ ਵੱਲੋਂ ਸਿੱਖ ਹੈਰੀਟੇਜ ਮੰਥ ਫ਼ਾਊਂਡੇਸ਼ਨ ਨਾਲ ਭਾਈਵਾਲੀ ਤਹਿਤ ਬਰੈਂਪਟਨ ਦੇ ਡਾਊਨ ਟਾਊਨ ਵਿਖੇ 'ਬਾਗੀ ਜਾਂ ਬਾਦਸ਼ਾਹ' ਸਿਰਲੇਖ ਅਧੀਨ ਨਵੀਂ ਨੁਮਾਇਸ਼ ਲਾਈ ਜਾ ਰਹੀ ਹੈ ਜਿਸ ਰਾਹੀਂ ਸਿੱਖੀ ਦੇ ਇਤਿਹਾਸਕ ਪੜਾਅ ਦਰਸਾਉਣ ਦੇ ਯਤਨ ਕੀਤਾ ਜਾਣਗੇ। ਸਿੱਖ ਭਾਈਚਾਰਾ ਬਾਗੀ ਅਤੇ ਬਾਦਸ਼ਾਹ ਦੋਹਾਂ ਪੜਾਵਾਂ ਵਿਚੋਂ ਲੰਘਿਆ ਅਤੇ ਫ਼ਿਰ ਹਲੀਮੀ ਰਾਜ ਵੱਲ ਕਦਮ ਵਧਾ ਦਿਤੇ। ਉਦਘਾਟਨੀ ਸਮਾਗਮ 5 ਅਪ੍ਰੈਲ ਨੂੰ ਹੋਵੇਗਾ ਅਤੇ ਕੈਨੇਡੀਅਨ ਸਪੋਰਟਸ ਕੁਮੈਂਟੇਟਰ ਹਰਨਾਰਾਇਣ ਸਿੰਘ ਤੋਂ ਇਲਾਵਾ ਆਰਟਿਸਟ ਪਰਮ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ।

ਸਮਾਪਤੀ ਸਮਾਗਮ 25 ਅਪ੍ਰੈਲ ਨੂੰ ਹੋਵੇਗਾ ਅਤੇ ਖਾਲਸਾ ਏਡ ਦੇ ਰਵੀ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਧਰ, ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਇਸ ਵਾਰ ਸਿੱਖ ਵਿਰਾਸਤੀ ਮਹੀਨੇ ਦਾ ਥੀਮ 'ਦਯਾ' ਰੱਖਿਆ ਗਿਆ ਹੈ। ਸਿੱਖ ਧਰਮ ਵਿਚ ਦਯਾ ਦੀ ਵੱਡੀ ਅਹਿਮੀਅਤ ਹੈ ਅਤੇ ਕਣ-ਕਣ ਵਿਚ ਰੂਹਾਨੀ ਤਾਕਤ ਦੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੀ ਹੈ। ਸਿੱਖ ਹੈਰੀਟੇਜ ਬੀ.ਸੀ. ਦੀ ਮੀਡੀਆ ਡਾਇਰੈਕਟਰ ਮੋਹਨਾਮ ਕੌਰ ਸ਼ੇਰਗਿੱਲ ਨੇ ਦੱਸਿਆ ਕਿ ਸਿੱਖ ਵਿਰਾਸਤੀ ਮਹੀਨੇ ਦੇ ਸਮਾਗਮ 28 ਮਾਰਚ ਤੋਂ ਹੀ ਆਰੰਭ ਦਿਤੇ ਗਏ। ਆਰਟ ਸ਼ੋਅ 'ਦਯਾ ਕਰਹੋ' 12 ਅਪ੍ਰੈਲ ਨੂੰ ਸਰੀ ਸਿਟੀ ਹਾਲ ਵਿਖੇ ਹੋਵੇਗਾ ਅਤੇ ਕਲਾਕਾਰਾਂ ਦੀ ਦਿਲ ਟੁੰਬਵੀਂ ਪੇਸ਼ਕਾਰੀ ਦਰਸ਼ਕਾਂ ਨੂੰ ਆਪਣੀ ਜ਼ਿੰਦਗੀ ਵਿਚ ਦਯਾ ਦੀ ਅਹਿਮੀਅਤ ਬਾਰੇ ਸੋਚ ਵਿਚਾਰ ਕਰਨ ਵਿਚ ਮਦਦ ਕਰੇਗੀ। 12 ਅਪ੍ਰੈਲ ਨੂੰ ਹੀ 'ਸਭ ਮੈਅ ਜੋਤ' ਪੇਸ਼ਕਾਰੀ ਸ਼ਾਮ 6 ਵਜੇ ਤੋਂ 8 ਵਜੇ ਤੱਕ ਹੋਵੇਗੀ। ਇਸ ਤੋਂ ਇਲਾਵਾ ਸਿੱਖ ਹੈਰੀਟੇਜ ਬੀ.ਸੀ. ਵੱਲੋਂ ਪੂਰਾ ਮਹੀਨੇ ਵੱਖ ਵੱਖ ਸਮਾਗਮ ਕਰਵਾਉਣ ਦਾ ਸਿਲਸਿਲਾ ਜਾਰੀ ਰਹੇਗਾ।

ਦੱਸ ਦੇਈਏ ਕਿ ਸਿੱਖ ਹੈਰੀਟੇਬ ਬੀ.ਸੀ. ਵੱਲੋਂ 12ਵੀਂ ਦੇ ਸਿੱਖ ਵਿਦਿਆਰਥੀਆ ਨੂੰ 1500-1500 ਡਾਲਰ ਦੇ ਪੰਜ ਵਜ਼ੀਫ਼ੇ ਦਿਤੇ ਜਾਂਦੇ ਹਨ ਜਿਨ੍ਹਾਂ ਵਿਚ ਭਾਈ ਮਰਦਾਨਾ ਜਹੀ ਆਰਟਸ ਸਕੌਲਰਸ਼ਿਪ, ਬੀਬੀ ਹਰਨਾਮ ਕੌਰ ਜੀ ਲੀਡਰਸ਼ਿਪ ਸਕੌਲਰਸ਼ਿਪ, ਮਾਤਾ ਭਾਗ ਕੌਰ ਜੀ ਐਥਲੈਟਿਕਸ ਸਕੌਲਰਸ਼ਿਪ, ਮਾਤਾ ਖੀਵੀ ਜੀ ਕਮਿਊਨਿਟੀ ਸਰਵਿਸ ਸਕੌਲਰਸ਼ਿਪ ਅਤੇ ਸੰਤ ਤੇਜਾ ਸਿੰਘ ਜੀ ਅਕੈਡਮਿਕ ਅਚੀਵਮੈਂਟ ਸਕੌਲਰਸ਼ਿਪ ਸ਼ਾਮਲ ਹਨ।

ਦੱਸ ਦੇਈਏ ਕਿ ਭਾਰਤ ਤੋਂ ਬਾਅਦ ਸਿੱਖਾਂ ਦੀ ਸਭ ਤੋਂ ਵੱਧ ਆਬਾਦੀ ਕੈਨੇਡਾ ਵਿਚ ਹੈ ਅਤੇ ਮੁਲਕ ਦੀ ਤਰੱਕੀ ਤੇ ਖੁਸ਼ਹਾਲੀ ਵਿਚ ਸਿੱਖ ਭਾਈਚਾਰੇ ਵੱਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਸਿੱਖ ਵਿਰਾਸਤੀ ਮਹੀਨੇ ਦੌਰਾਨ ਵੱਖ ਵੱਖ ਸ਼ਹਿਰਾਂ ਦੇ ਸਿਟੀ ਹਾਲ ਦੇ ਬਾਹਰ ਖ਼ਾਲਸਾਈ ਝੰਡੇ ਝੁਲਾਉਣ ਦੀ ਰਸਮ ਵੀ ਅਦਾ ਕੀਤੀ ਜਾਵੇਗੀ ਅਤੇ ਸਿੱਖ ਇਤਿਹਾਸ, ਸਭਿਆਚਾਰ ਅਤੇ ਰਵਾਇਤਾਂ ਤੋਂ ਦੁਨੀਆਂ ਨੂੰ ਜਾਣੂ ਕਰਵਾਉਣ ਦਾ ਇਹ ਬਿਹਤਰੀਨ ਮੌਕਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਪ੍ਰਿਤਪਾਲ ਸਿੰਘ ਨਾਗੀ ਸਟੈਫੋਰਡਸ਼ਾਇਰ ਦੇ ਪਹਿਲੇ ਸਿੱਖ 'ਹਾਈ ਸ਼ੈਰਿਫ' ਬਣੇ

## 2014 'ਚ ਸਟੈਫੋਰਡਸ਼ਾਇਰ ਦਾ ਬਣਾਇਆ ਗਿਆ ਸੀ ਡਿਪਟੀ ਲੈਫਟੀਨੈਂਟ



ਲੰਡਨ: ਪੰਜਾਬੀਆਂ ਨੇ ਪੂਰੀ ਦੁਨੀਆਂ ਵਿਚ ਅਪਣੀ ਮਿਹਨਤ ਨਾਲ ਚੰਗਾ ਨਾਮਣਾ ਖਟਿਆ ਹੈ। ਮਿਹਨਤ ਨਾਲ ਪੰਜਾਬੀਆਂ ਨੇ ਹਰ ਮੁਕਾਮ ਸਰ ਕੀਤਾ ਹੈ। ਅਜਿਹੀ ਹੀ ਮਾਣ ਵਾਲੀ ਖ਼ਬਰ ਇੰਗਲੈਂਡ ਤੋਂ ਸਾਹਮਣੇ ਆਈ ਹੈ, ਜਿਥੇ ਸ਼ਹਿਰ ਸਟੈਫੋਰਡਸ਼ਾਇਰ ਦੇ ਪ੍ਰਿਤਪਾਲ ਸਿੰਘ ਨਾਗੀ ਨੂੰ ਮਹਾਰਾਜਾ ਚਾਰਲਸ ਵੱਲੋਂ 'ਹਾਈ ਸ਼ੈਰਿਫ' ਨਿਯੁਕਤ ਕੀਤਾ ਗਿਆ। ਸਟੈਫੋਰਡਸ਼ਾਇਰ ਦੇ ਹੁਣ ਤੱਕ ਦੇ 1000 ਸਾਲ ਤੋਂ ਵੱਧ ਸਮੇਂ ਵਿਚ ਪਹਿਲਾ ਸਿੱਖ 'ਹਾਈ ਸ਼ੈਰਿਫ਼' ਬਣਿਆ ਹੈ।

ਪ੍ਰਿਤਪਾਲ ਸਿੰਘ ਨਾਗੀ ਬਟਾਲਾ ਦੇ ਨਜ਼ਦੀਕੀ ਕਸਬਾ ਕਾਦੀਆਂ ਦੇ ਜੰਮਪਲ ਹਨ। ਪ੍ਰਿਤਪਾਲ ਸਿੰਘ ਨਾਗੀ ਕਰੀਬ 16 ਸਾਲ ਦੀ ਉਮਰ ਵਿਚ ਯੂ.ਕੇ ਆ ਗਏ ਸਨ। ਪ੍ਰਿਤਪਾਲ ਸਿੰਘ ਨਾਗੀ ਨੂੰ 2014 ਵਿਚ ਸਟੈਫੋਰਡਸ਼ਾਇਰ ਦਾ ਡਿਪਟੀ ਲੈਫਟੀਨੈਂਟ ਬਣਾਇਆ ਗਿਆ ਸੀ ਅਤੇ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ 2017 ਵਿਚ ਮਹਾਰਾਣੀ ਐਲਿਜਾਬੈੱਥ ਵਲੋਂ 'ਮੈਂਬਰ ਆਫ਼ ਦ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ' ਐਮ. ਬੀ. ਈ. ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ।

# ਆਸਟ੍ਰੇਲੀਆਈ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਤੇਲ ਦੀ ਬਚਤ ਕਰਨ ਲਈ ਕਿਹਾ



ਕੈਨਬਰਾ : ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਤੇਲ ਸੰਕਟ ਦੇ ਮੱਦੇਨਜ਼ਰ ਦੇਸ਼ ਨੂੰ ਇਕ ਵਿਰਲਾ ਸੰਬੋਧਨ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਸੰਭਵ ਹੋਵੇ ਤਾਂ ਕਾਰਾਂ ਦੀ ਬਜਾਏ ਜਨਤਕ ਆਵਾਜਾਈ ਵਰਤਣ, ਪਰ ਜੀਵਨ ਨੂੰ ਆਮ ਦੀ ਤਰ੍ਹਾਂ ਜਾਰੀ ਰੱਖਣ।

ਅਲਬਾਨੀਜ਼ ਨੇ ਕਿਹਾ, ''ਇਹ ਸਮੇਂ ਅਨਿਸ਼ਚਿਤ ਹਨ, ਪਰ ਮੈਂ ਪੂਰੀ ਤਰ੍ਹਾਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਅਸੀਂ ਇਨ੍ਹਾਂ ਚੁਨੌਤੀ ਆਂ ਦਾ ਸਾਹਮਣਾ ਆਸਟ੍ਰੇਲੀਆਈ ਢੰਗ ਨਾਲ ਕਰਾਂਗੇ। ਇਕੱਠੇ ਕੰਮ ਕਰਦੇ ਹੋਏ ਅਤੇ ਇਕ ਦੂਜੇ ਦੀ ਸੰਭਾਲ ਕਰਦੇ ਹੋਏ।'' ਉਨ੍ਹਾਂ ਕਿਹਾ ਕਿ ਇਹ ਜੰਗ ਵੱਡਾ ਆਰਥਕ ਝਟਕਾ ਹੈ ਜੋ ਆਉਣ ਵਾਲੇ ਕਈ ਮਹੀਨਿਆਂ ਤਕ ਮਹਿਸੂਸ ਹੁੰਦਾ ਰਹੇਗਾ। ਪਰ ਉਨ੍ਹਾਂ ਨੇ ਲੋਕਾਂ ਨੂੰ ਈਸਟਰ ਮਨਾਉਣ ਦੀ ਅਪੀਲ ਕਰਦਿਆਂ ਕਿਹਾ ਕਿ ''ਜਦੋਂ ਤੁਸੀਂ ਸਫ਼ਰ 'ਤੇ ਜਾਓ, ਜਿੰਨਾ ਲੋੜੀਂਦਾ ਹੈ ਉਨਾ ਹੀ ਈਂਧਣ ਭਰੋ। ਹੋਰਾਂ ਬਾਰੇ ਸੋਚੋ, ਖ਼ਾਸਕਰ ਪਿੰਡਾਂ ਅਤੇ ਜ਼ਰੂਰੀ ਉਦਯੋਗਾਂ ਬਾਰੇ।''

ਸਰਕਾਰ ਨੇ ਤਿੰਨ ਮਹੀਨਿਆਂ ਲਈ ਤੇਲ 'ਤੇ ਮਾਲੀਆ ਅੱਧਾ ਕਰ ਦਿਤਾ ਹੈ ਅਤੇ ਟਰੱਕਾਂ ਲਈ ਸੜਕ ਪ੍ਰਯੋਗ ਟੈਕਸ ਨੂੰ ਹਟਾ ਦਿਤਾ ਹੈ। ਅਲਬਾਨੀਜ਼ ਨੇ ਭਰੋਸਾ ਦਿਤਾ ਕਿ ਆਸਟਰੇਲੀਆ ਕੋਲ 30 ਦਿਨਾਂ ਦਾ ਡੀਜ਼ਲ, 39 ਦਿਨਾਂ ਦਾ ਪਟਰੌਲ ਅਤੇ 30 ਦਿਨਾਂ ਦਾ ਜੈੱਟ ਫਿਊਲ ਭੰਡਾਰ ਮੌਜੂਦ ਹੈ। ਦੂਜੇ ਪਾਸੇ ਵਿਰੋਧੀ ਨੇਤਾ ਐਂਗਸ ਟੇਲਰ ਨੇ ਇਸ ਸੰਬੋਧਨ ਨੂੰ ''ਪੁਰਾਣੇ ਬਿਆਨ ਦੀ ਦੁਹਰਾਈ'' ਕਰਾਰ ਦਿਤਾ ਅਤੇ ਵਧੇਰੇ ਵਿਸਥਾਰ ਦੀ ਮੰਗ ਕੀਤੀ।

# ਪ੍ਰਵਾਸੀ ਦੀ ICE ਹਿਰਾਸਤ 'ਚ ਮੌਤ; 2026 'ਚ ਹੁਣ ਤੱਕ 14 ਮੌਤਾਂ




ਲਾਸ ਏਂਜਲਸ : ਅਮਰੀਕਨ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੇ ਐਡੇਲੈਂਟੋ ਪ੍ਰੋਸੈਸਿੰਗ ਸੈਂਟਰ ਵਿਚ ਇੱਕ ਮੈਕਸੀਕਨ ਪ੍ਰਵਾਸੀ ਜੋਸ ਗੁਆਡਾਲੁਪ ਰਾਮੋਸ ਦੀ ਮੌਤ ਹੋ ਗਈ। ਉਹ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਸੀ, ਜਿਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ICE ਅਨੁਸਾਰ, ਰਾਮੋਸ ਨੂੰ ਪਹਿਲਾਂ 2025 'ਚ ਕੁਝ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ। ਹਿਰਾਸਤ 'ਚ ਉਸ ਦੀ ਸ਼ੁਰੂਆਤੀ ਸਿਹਤ ਜਾਂਚ 'ਚ ਸ਼ੂਗਰ, ਉੱਚ ਕੋਲੈਸਟ੍ਰੋਲ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਦਰਜ ਹੋਈਆਂ।

ਇਸ ਮੌਤ ਨਾਲ 2026 ਵਿਚ ICE ਹਿਰਾਸਤ ਵਿਚ ਮੌਤਾਂ ਦੀ ਗਿਣਤੀ 14 ਹੋ ਗਈ। 2025 ਵਿਚ ਇਹ ਗਿਣਤੀ 31 ਸੀ। ICE ਹਿਰਾਸਤ ਵਿਚ ਲੋਕਾਂ ਦੀ ਗਿਣਤੀ ਵੀ ਬਹੁਤ ਵਧੀ ਹੈ, ਇੱਕ ਸਮੇਂ ਲਗਭਗ 68,000 ਲੋਕ ਬੰਦ ਸਨ। ਮੈਕਸੀਕੋ ਸਰਕਾਰ ਨੇ ICE ਨਜ਼ਰਬੰਦੀ ਕੇਂਦਰਾਂ ਵਿਚ ਮਾੜੀਆਂ ਸਥਿਤੀਆਂ ਅਤੇ ਅਧੂਰੀ ਡਾਕਟਰੀ ਦੇਖਭਾਲ ਦਾ ਦੋਸ਼ ਲਾਇਆ ਹੈ। ਮੈਕਸੀਕਨ ਡਿਪਲੋਮੈਟ ਵੈਨੇਸਾ ਕੈਲਵਾ ਰੂਇਜ਼ ਨੇ ਇਸ ਮੌਤ ਨੂੰ ''ਚਿੰਤਾਜਨਕ ਅਤੇ ਅਸਵੀਕਾਰਨਯੋਗ ਰੁਝਾਨ'' ਕਿਹਾ।

ICE ਨੇ ਕਿਹਾ ਕਿ ਹਿਰਾਸਤ ਵਿਚ ਮੌਤਾਂ ਦੀ ਗਿਣਤੀ ਕੁੱਲ ਬੰਦੀਆਂ ਦੇ ਮੁਕਾਬਲੇ ਘੱਟ ਹੈ ਅਤੇ ਕੇਂਦਰਾਂ ਵਿਚ ਸਿਹਤ ਸਹੂਲਤਾਂ ਮੌਜੂਦ ਹਨ। ਹਾਲਾਂਕਿ ਹਿਰਾਸਤ ਪ੍ਰਣਾਲੀ ਤੇਜ਼ੀ ਨਾਲ ਭਰ ਰਹੀ ਹੈ ਅਤੇ ਨਵੀਆਂ ਨੀਤੀਆਂ ਦੇ ਨਾਲ ICE ਵੱਡੇ ਪੱਧਰ 'ਤੇ ਲੋਕਾਂ ਨੂੰ ਰੱਖ ਸਕਦਾ ਹੈ, ਪਰ ਇਹ ਮਾਮਲਾ ਮਨੁੱਖੀ ਅਧਿਕਾਰਾਂ ਤੇ ਚਰਚਾ ਨੂੰ ਜਨਮ ਦੇ ਰਿਹਾ ਹੈ।

# ਚੰਦਰਮਾ ਦੀਆਂ ਗੇੜੀਆਂ ਕੱਢੇਗਾ ਕਨੇਡਾ ਦਾ ਪੁਲਾੜ ਯਾਤਰੀ Jeremy Henson



ਵੈਨਕੂਵਰ : ਕੈਨੇਡਾ ਦੇ ਪੁਲਾੜ ਯਾਤਰੀ ਜੇਰਮੀ ਹੈਨਸਨ ਨੂੰ ਚੰਦਰਮਾ ਦੇ ਆਲੇ-ਦੁਆਲੇ ਯਾਤਰਾ ਕਰਨ ਵਾਲੇ ਅਭਿਆਨ ਲਈ ਚੁਣਿਆ ਗਿਆ ਹੈ। ਉਹ ਇਸ ਦੌਰਾਨ ਪੁਲਾੜ ਵਿੱਚ ਤਕਰੀਬਨ10 ਦਿਨ ਤਿੰਨ ਹੋਰ ਸਾਥੀਆਂ ਨਾਲ ਰਹਿਣਗੇ। ਇਸ ਯਾਤਰਾ ਦੌਰਾਨ ਯਾਤਰੀ ਚੰਦਰਮਾ ਦਾ ਚੱਕਰ ਲਗਾਉਣਗੇ ਅਤੇ ਧਰਤੀ ਤੋਂ ਦੂਰ ਪੁਲਾੜ ਵਿੱਚ ਮਹੱਤਵਪੂਰਨ ਵਿਗਿਆਨਕ ਜਾਣਕਾਰੀਆਂ ਇਕੱਠੀਆਂ ਕਰਨਗੇ। ਇਹ ਅਭਿਆਨ ਭਵਿੱਖ ਵਿੱਚ ਮਨੁੱਖੀ ਯਾਤਰਾਵਾਂ ਨੂੰ ਚੰਦਰਮਾ ਤੱਕ ਭੇਜਣ ਵਾਸਤੇ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇਹ ਕੈਨੇਡਾ ਲਈ ਵੀ ਮਾਣ ਵਾਲੀ ਗੱਲ ਹੈ ਕਿਉਂਕਿ ਜੇਰਮੀ ਹੈਨਸਨ ਇਸ ਕਿਸਮ ਦੇ ਚੰਦਰਮਾ ਅਭਿਆਨ ਵਿੱਚ ਹਿੱਸਾ ਲੈਣ ਵਾਲੇ ਪਹਿਲੇ ਕੈਨੇਡੀਅਨ ਬਣਨ ਜਾ ਰਹੇ ਹਨ।

# 'ਅਸੀਂ 2-3 ਹਫ਼ਤਿਆਂ 'ਚ ਇਰਾਨ 'ਤੇ ਵੱਡਾ ਹਮਲਾ ਕਰਾਂਗੇ'-ਡੋਨਾਲਡ ਟਰੰਪ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਸਵੇਰੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਅਮਰੀਕਾ ਨੇ ਇਰਾਨ ਯੁੱਧ ਜਿੱਤ ਲਿਆ ਹੈ ਅਤੇ ਚੇਤਾਵਨੀ ਦਿੱਤੀ ਕਿ ਅਮਰੀਕਾ ਦੋ ਤੋਂ ਤਿੰਨ ਹਫ਼ਤਿਆਂ ਦੇ ਅੰਦਰ ਇਰਾਨ 'ਤੇ ਵੱਡਾ ਹਮਲਾ ਕਰੇਗਾ। ਟਰੰਪ ਨੇ ਅੱਗੇ ਕਿਹਾ ਕਿ ਇਰਾਨ ਦੀ ਮਿਜ਼ਾਈਲ ਅਤੇ ਡਰੋਨ ਸਮਰੱਥਾਵਾਂ ਅਤੇ ਜਲ ਸੈਨਾ ਨੂੰ ਤਬਾਹ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਫੌਜੀ ਤਾਕਤ ਕਾਫ਼ੀ ਕਮਜ਼ੋਰ ਹੋ ਗਈ ਹੈ।

ਟਰੰਪ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਅਮਰੀਕਾ ਇਰਾਨ ਨੂੰ "ਪੱਥਰ ਯੁੱਗ" ਵਿੱਚ ਵਾਪਸ ਭੇਜ ਦੇਵੇਗਾ। ਹਾਲਾਂਕਿ, ਉਸ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਵਿੱਚ ਸ਼ਾਸਨ ਤਬਦੀਲੀ ਆਈ ਹੈ ਅਤੇ ਨਵੀਂ ਲੀਡਰਸ਼ਿਪ ਪਹਿਲਾਂ ਨਾਲੋਂ ਘੱਟ ਕੱਟੜਪੰਥੀ ਹੈ। ਟਰੰਪ ਨੇ 19 ਮਿੰਟ ਦਾ ਭਾਸ਼ਣ ਦਿੱਤਾ। ਉਨ੍ਹਾਂ ਨੇ ਕੋਈ ਨਵੀਂ ਘੋਸ਼ਣਾ ਨਹੀਂ ਕੀਤੀ, ਉਹੀ ਨੁਕਤੇ ਦੁਹਰਾਏ ਜੋ ਉਹ ਕੁਝ ਸਮੇਂ ਤੋਂ ਕਰ ਰਹੇ ਹਨ।

ਉਨ੍ਹਾਂ ਨੇ ਯੁੱਧ ਦੀ ਲਾਗਤ ਅਤੇ ਲੰਬੇ ਸਮੇਂ ਤੱਕ ਚੱਲਣ ਬਾਰੇ ਚਿੰਤਤ ਅਮਰੀਕੀਆਂ ਨੂੰ ਇਸ ਟਕਰਾਅ ਨੂੰ ਦ੍ਰਿਸ਼ਟੀਕੋਣ ਵਿੱਚ ਰੱਖਣ ਦੀ ਅਪੀਲ ਕੀਤੀ। ਹੋਰਮੁਜ਼ ਜਲਡਮਰੂ ਸੰਕਟ ਬਾਰੇ, ਉਨ੍ਹਾਂ ਕਿਹਾ ਕਿ ਦੂਜੇ ਦੇਸ਼ਾਂ ਨੂੰ ਇਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਹਾਲਾਂਕਿ, ਇੱਕ ਦਿਨ ਪਹਿਲਾਂ, ਉਨ੍ਹਾਂ ਕਿਹਾ ਸੀ ਕਿ ਹੋਰਮੁਜ਼ ਜਲਡਮਰੂ ਨੂੰ ਖੋਲ੍ਹੇ ਬਿਨਾਂ ਕੋਈ ਸਮਝੌਤਾ ਨਹੀਂ ਹੋਵੇਗਾ।

ਟਰੰਪ ਦੇ ਅਨੁਸਾਰ, ਜੇਕਰ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਹੋਇਆ ਪ੍ਰਮਾਣੂ ਸਮਝੌਤਾ ਜਾਰੀ ਰਹਿੰਦਾ, ਤਾਂ ਇਰਾਨ ਨੇ ਪ੍ਰਮਾਣੂ ਹਥਿਆਰਾਂ ਦਾ ਵੱਡਾ ਭੰਡਾਰ ਇਕੱਠਾ ਕਰ ਲਿਆ ਹੁੰਦਾ। ਟਰੰਪ ਨੇ ਆਪਣੇ ਸਹਿਯੋਗੀਆਂ, ਖਾਸ ਕਰਕੇ ਇਜ਼ਰਾਈਲ ਅਤੇ ਖਾੜੀ ਦੇਸ਼ਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਉਹ ਬਹੁਤ ਹੀ ਸਹਿਯੋਗੀ ਰਹੇ ਹਨ, ਅਤੇ ਅਸੀਂ ਉਨ੍ਹਾਂ ਨੂੰ ਕਿਸੇ ਵੀ ਸਥਿਤੀ ਵਿੱਚ ਨਹੀਂ ਛੱਡਾਂਗੇ।

ਟਰੰਪ ਨੇ ਇਹ ਵੀ ਕਿਹਾ ਕਿ ਇਰਾਨ ਨੇ ਵਾਰ-ਵਾਰ ਇਨ੍ਹਾਂ ਦੇਸ਼ਾਂ 'ਤੇ ਹਮਲਾ ਕੀਤਾ ਹੈ, ਅਤੇ ਇਸੇ ਲਈ ਇਰਾਨ ਕੋਲ ਕਦੇ ਵੀ ਪ੍ਰਮਾਣੂ ਹਥਿਆਰ ਨਹੀਂ ਹੋਣੇ ਚਾਹੀਦੇ। ਟਰੰਪ ਨੇ ਇੱਕ ਵਾਰ ਫਿਰ ਇਰਾਨ ਵਿਰੁੱਧ ਲੜਾਈ ਵਿੱਚ ਹਿੱਸਾ ਨਾ ਲੈਣ ਲਈ ਸਹਿਯੋਗੀਆਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇਸ਼ਾਂ ਨੂੰ ਹੁਣ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਆਪਣੀਆਂ ਤੇਲ ਦੀਆਂ ਜ਼ਰੂਰਤਾਂ ਲਈ ਇਸ ਰਸਤੇ 'ਤੇ ਨਿਰਭਰ ਨਹੀਂ ਹੈ, ਇਸ ਲਈ ਉਹ ਇਸ ਨੂੰ ਖੋਲ੍ਹਣ ਦੀ ਜ਼ਿੰਮੇਵਾਰੀ ਨਹੀਂ ਲਵੇਗਾ।

# ਅਮਰੀਕਾ 'ਚ 9 ਲੱਖ ਇੰਮੀਗਰਾਂਟਾਂ ਨੂੰ ਵੱਡੀ ਰਾਹਤ

## * ਅਦਾਲਤ ਵੱਲੋਂ ਇੰਮੀਗ੍ਰੇਸ਼ਨ ਸਟੇਟਸ ਬਹਾਲ ਕਰਨ ਦੇ ਹੁਕਮ
## * ਟਰੰਪ ਸਰਕਾਰ ਦਾ ਫ਼ੈਸਲਾ ਰੱਦ, ਬਾਇਡਨ ਦੀ ਨੀਤੀ ਜਾਇਜ਼ ਕਰਾਰ

ਬੋਸਟਨ : ਅਮਰੀਕਾ ਵਿਚ 9 ਲੱਖ ਪ੍ਰਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਇਕ ਫ਼ੈਡਰਲ ਅਦਾਲਤ ਨੇ ਸਭਨਾਂ ਦਾ ਇੰਮੀਗ੍ਰੇਸ਼ਨ ਸਟੇਟਸ ਬਹਾਲ ਕਰਨ ਦੇ ਹੁਕਮ ਦਿਤੇ ਹਨ। ਜੀ ਹਾਂ, ਬੋਸਟਨ ਦੇ ਜ਼ਿਲ੍ਹਾ ਜੱਜ ਨੇ ਸੀ.ਬੀ.ਪੀ. ਐਪ ਰਾਹੀਂ ਮੈਕਸੀਕੋ ਦੇ ਰਸਤੇ ਅਮਰੀਕਾ ਦਾਖਲ ਹੋਏ ਪ੍ਰਵਾਸੀਆਂ ਨੂੰ ਬਾਇਡਨ ਸਰਕਾਰ ਵੇਲੇ ਮਿਲੀ ਪੈਰੋਲ ਜਾਰੀ ਰੱਖਣ ਦੀ ਹਦਾਇਤ ਟਰੰਪ ਸਰਕਾਰ ਨੂੰ ਜਾਰੀ ਕਰ ਦਿਤੀ। ਅਦਾਲਤ ਨੇ ਟਰੰਪ ਸਰਕਾਰ ਦੇ ਉਸ ਫ਼ੈਸਲੇ ਨੂੰ ਰੱਦ ਕਰ ਦਿਤਾ ਜਿਸ ਤਹਿਤ ਲੱਖਾਂ ਪ੍ਰਵਾਸੀਆਂ ਦਾ ਇੰਮੀਗ੍ਰੇਸ਼ਨ ਸਟੇਟ ਰੱਦ ਕਰਦਿਆਂ ਸੈਲਫ਼ ਡਿਪੋਰਟ ਹੋਣ ਵਾਸਤੇ ਮਜਬੂਰ ਕੀਤਾ ਗਿਆ।

ਟਰੰਪ ਸਰਕਾਰ ਦੇ ਫ਼ੈਸਲੇ ਨਾਲ ਪ੍ਰਭਾਵਤ ਪ੍ਰਵਾਸੀਆਂ ਦੀ ਗਿਣਤੀ 9 ਲੱਖ ਤੋਂ ਵੱਧ ਬਣਦੀ ਹੈ ਪਰ ਇਨ੍ਹਾਂ ਵਿਚੋਂ ਕਿੰਨੇ ਡਿਪੋਰਟ ਕੀਤਾ ਜਾ ਚੁੱਕੇ ਹਨ ਜਾਂ ਕਿੰਨੇ ਸੈਲਫ਼ ਡਿਪੋਰਟ ਹੋ ਗਏ, ਬਾਰੇ ਫ਼ਿਲਹਾਲ ਸਪੱਸ਼ਟ ਅੰਕੜਾ ਸਾਹਮਣੇ ਨਹੀਂ ਆ ਸਕਿਆ। ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਜ਼ਿਲ੍ਹਾ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਦਾਇਰ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਬਾਇਡਨ ਸਰਕਾਰ ਵੱਲੋਂ ਮੈਕਸੀਕੋ ਦੇ ਬਾਰਡਰ 'ਤੇ ਮੌਜੂਦ ਪ੍ਰਵਾਸੀਆ ਨੂੰ ਸੀ.ਬੀ.ਪੀ. ਵੰਨ ਐਪ ਰਾਹੀਂ ਸਰਕਾਰੀ ਦੀ ਇਜਾਜ਼ਤ ਨਾਲ ਅਮਰੀਕਾ ਦਾਖਲ ਹੋਣ ਦਾ ਮੌਕਾ ਦਿਤਾ ਗਿਆ ਪਰ ਟਰੰਪ ਸਰਕਾਰ ਦਾ ਕਹਿਣਾ ਹੈ ਕਿ ਬਾਇਡਨ ਸਰਕਾਰ ਨੂੰ ਅਜਿਹੀ ਕੋਈ ਐਪ ਤਿਆਰ ਕਰਨ ਦਾ ਹੱਕ ਨਹੀਂ ਜੋ ਇੰਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਦੀ ਹੋਵੇ।

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਅਪ੍ਰੈਲ 2025 ਵਿਚ ਪੈਰੋਲ ਰੱਦ ਕਰਨ ਦਾ ਐਲਾਨ ਕੀਤਾ ਗਿਆ ਅਤੇ ਤਾਜ਼ਾ ਅਦਾਲਤੀ ਫ਼ੈਸਲੇ ਮਗਰੋਂ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਪੈਰੋਲ ਰੱਦ ਕਰਨ ਦਾ ਹੱਕ ਉਨ੍ਹਾਂ ਕੋਲ ਮੌਜੂਦ ਹੈ। ਅਦਾਲਤੀ ਫ਼ੈਸਲੇ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਡੀ.ਐਚ.ਐਸ. ਨੇ ਕਿਹਾ ਕਿ ਰਾਸ਼ਟਰਪਤੀ ਨੂੰ ਆਰਟੀਕਲ 2 ਅਧੀਨ ਮਿਲੀਆਂ ਤਾਕਤਾਂ ਨੂੰ ਸਿੱਧੇ ਤੌਰ 'ਤੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਦੇ ਉਲਟ ਅਦਾਲਤੀ ਫ਼ੈਸਲੇ ਤੋਂ ਰਾਹਤ ਹਾਸਲ ਕਰਨ ਵਾਲਿਆਂ ਨੇ ਕਿਹਾ ਕਿ ਲੱਖਾਂ ਲੋਕਾਂ ਦਾ ਕਨੂੰਨੀ ਦਰਜਾ ਰੱਦ ਕਰਨ ਦਾ ਹੱਕ ਕਿਸੇ ਸਰਕਾਰ ਕੋਲ ਨਹੀਂ ਜਦੋਂ ਤੱਕ ਉਹ ਕੋਈ ਗੰਭੀਰ ਅਪਰਾਧ ਨਹੀਂ ਕਰਦੇ।

# ਕੈਨੇਡਾ : ਨਫ਼ਰਤੀ crimes 'ਚ ਮਾਮੂਲੀ ਵਾਧਾ

## 2024 ਦੌਰਾਨ 4,882 ਮਾਮਲੇ ਸਾਹਮਣੇ ਆਏ




ਟੋਰਾਂਟੋ : ਕੈਨੇਡਾ ਵਿਚ ਨਫ਼ਰਤੀ ਅਪਰਾਧਾਂ ਦੀ ਗਿਣਤੀ ਵਿਚ ਇਕ ਫ਼ੀ ਸਦੀ ਵਾਧਾ ਹੋਇਆ ਹੈ ਅਤੇ 2024 ਦੌਰਾਨ 4,882 ਮਾਮਲੇ ਸਾਹਮਣੇ ਆਏ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਦੌਰਾਨ ਨਫ਼ਰਤੀ ਅਫ਼ਰਾਧ 34 ਫ਼ੀ ਸਦੀ ਦੀ ਮੋਟੀ ਦਰ ਨਾਲ ਵਧੇ ਪਰ 2023 ਦੇ ਮੁਕਾਬਲੇ 2024 ਦੌਰਾਨ ਵਾਧਾ ਮਾਮੂਲੀ ਰਿਹਾ। ਦੂਜੇ ਪਾਸੇ ਨਸਲੀ ਨਫ਼ਰਤ ਲਈ ਜ਼ਿੰਮੇਵਾਰ ਕਾਰਨਾਂ ਵਿਚ ਫ਼ਰਕ ਜ਼ਰੂਰ ਦਰਜ ਕੀਤਾ ਗਿਆ ਹੈ। ਮਿਸਾਲ ਵਜੋਂ ਨਸਲੀ ਨਫ਼ਰਤ ਕਰ ਕੇ ਅਪਰਾਧਕ ਮਾਮਲਿਆਂ ਵਿਚ 8 ਫ਼ੀ ਸਦੀ ਵਾਧਾ ਹੋਇਆ ਜਦਕਿ ਲਿੰਗ ਆਧਾਰਤ ਨਫ਼ਰਤ ਨਾਲ ਸਬੰਧਤ ਮਾਮਲਿਆਂ ਵਿਚ 26 ਫ਼ੀ ਸਦੀ ਕਮੀ ਦਰਜ ਕੀਤੀ ਗਈ।

ਧਰਮ ਦੇ ਆਧਾਰ 'ਤੇ ਨਫ਼ਰਤੀ ਹਮਲਿਆਂ ਵਿਚ ਬਹੁਤਾ ਵਾਧਾ ਨਹੀਂ ਹੋਇਆ ਪਰ 2020 ਤੋਂ 2023 ਦਰਮਿਆਨ ਅਜਿਹੇ ਮਾਮਲਿਆਂ ਵਿਚ 154 ਫ਼ੀ ਸਦੀ ਵਾਧਾ ਹੋਇਆ ਅਤੇ 530 ਤੋਂ ਵਧ ਕੇ 1,345 ਤੱਕ ਪੁੱਜ ਗਏ। ਧਰਮ ਦੇ ਆਧਾਰ 'ਤੇ ਨਫ਼ਰਤ ਵਾਲੇ 70 ਫ਼ੀ ਸਦੀ ਮਾਮਲੇ ਯਹੂਦੀਆਂ ਨਾਲ ਸਬੰਧਤ ਰਹੇ ਜਦਕਿ 17 ਫ਼ੀ ਸਦੀ ਮਾਮਲੇ ਮੁਸਲਿਮ ਲੋਕਾਂ ਨਾਲ ਸਬੰਧਤ ਦਰਜ ਕੀਤੇ ਗਏ ਅਤੇ ਬਾਕੀ ਮਾਮਲੇ ਹੋਰਨਾਂ ਧਰਮਾਂ ਨਾਲ ਜੋੜੇ ਗਏ। ਰਿਪੋਰਟ ਕਹਿੰਦੀ ਹੈ ਕਿ ਧਰਮ ਦੇ ਆਧਾਰ 'ਤੇ ਨਫ਼ਰਤ ਵਾਲੇ ਜ਼ਿਆਦਾ ਮਾਮਲੇ ਧਾਰਮਿਕ ਥਾਵਾਂ 'ਤੇ ਨੇੜੇ ਹੀ ਸਾਹਮਣੇ ਆਉਂਦੇ ਹਨ ਅਤੇ ਸਮੇਂ ਦੇ ਨਾਲ ਇਨ੍ਹਾਂ ਵਿਚ ਕੁਝ ਕਮੀ ਆਈ ਹੈ। ਕੈਨੇਡਾ ਵਿਚ ਨਫ਼ਰਤ ਫੈਲਾਉਣ ਵਾਲਿਆਂ ਵਿਰੁੱਧ ਜਲਦ ਨਵਾਂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ ਜੋ ਹਾਊਸ ਆਫ਼ ਕਾਮਨਜ਼ ਵਿਚ ਪਾਸ ਹੋ ਚੁੱਕਾ ਹੈ ਪਰ ਸੈਨੇਟ ਤੋਂ ਪ੍ਰਵਾਨਗੀ ਮਿਲਣੀ ਬਾਕੀ ਹੈ। ਕੈਨੇਡਾ ਵਿਚ ਇਸ ਵੇਲੇ ਉਸ ਅਪਰਾਧ ਨੂੰ ਨਫ਼ਰਤੀ ਮੰਨਿਆ ਜਾਂਦਾ ਹੈ ਜਿਸ ਪਿੱਛੇ ਨਸਲ, ਧਰਮ ਜਾਂ ☬ਲੰਗ ਵਰਗੇ ਕਾਰਨ ਜ਼ਿੰਮੇਵਾਰ ਹੋਣ।

# ਕੈਨੇਡਾ ਦੇ ਸਰੀ ਵਿਚ ਗੁਰਦੁਆਰਾ ਸਾਹਿਬ 'ਚ ਹਿੰਸਕ ਝੜਪ, ਗੁਰਦੁਆਰੇ ਦੀ ਕਮੇਟੀ ਦੇ ਕੰਟਰੋਲ ਨੂੰ ਲੈ ਕੇ ਹੋਇਆ ਹੰਗਾਮਾ

## ਬਜ਼ੁਰਗ ਕਮੇਟੀ ਦੇ ਪ੍ਰੋਗਰਾਮ 'ਚ ਕੀਤਾ ਹੰਗਾਮਾ, ਗਰਮਖਿਆਲੀ ਸਮਰਥਕਾਂ 'ਤੇ ਝੜਪ ਦੇ ਇਲਜ਼ਾਮ




ਕੈਨੇਡਾ ਦੇ ਸਰੀ ਵਿਚ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚ ਕਮੇਟੀ ਦੇ ਕੰਟਰੋਲ ਨੂੰ ਲੈ ਕੇ ਹਿੰਸਕ ਝੜਪ ਹੋ ਗਈ। ਗਰਮਖਿਆਲੀਆਂ ਸਮਰਥਕਾਂ ਨੇ ਬਜ਼ੁਰਗਾਂ ਦੇ ਦੁਆਰਾ ਚਲਾਈ ਜਾ ਰਹੀ ਕਮੇਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੇ ਨਤੀਜੇ ਵਜੋਂ ਧੱਕਾ-ਮੁੱਕੀ ਅਤੇ ਲੜਾਈ ਹੋਈ। ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਪੁਲਿਸ ਮੌਕੇ 'ਤੇ ਪਹੁੰਚੀ।

ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ, ਜਿਸ ਵਿੱਚ ਗੁਰਦੁਆਰੇ ਦੇ ਹਾਲ ਵਿੱਚ ਭੀੜ ਅਤੇ ਹਿੰਸਾ ਦਿਖਾਈ ਦੇ ਰਹੀ ਹੈ। ਇਹ ਵੀਡੀਓ 30 ਮਾਰਚ ਦਾ ਦੱਸਿਆ ਜਾ ਰਿਹਾ ਹੈ। ਦਰਅਸਲ, 30 ਮਾਰਚ ਨੂੰ ਗੁਰਦੁਆਰੇ ਵਿੱਚ ਬਜ਼ੁਰਗ ਕਮੇਟੀ ਦੇ ਮੈਂਬਰਾਂ ਵਿਚਕਾਰ ਇੱਕ ਮੀਟਿੰਗ ਚੱਲ ਰਹੀ ਸੀ। ਇਸ ਦੌਰਾਨ ਕੁਝ ਲੋਕਾਂ ਨੇ ਬੈਨਰ ਲਗਾ ਕੇ ਕਮੇਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਸੰਗਤ ਨੇ ਵਿਰੋਧ ਕੀਤਾ ਤਾਂ ਸਥਿਤੀ ਵਿਗੜ ਗਈ।

ਲੋਕਾਂ ਨੇ ਧੱਕਾ-ਮੁੱਕੀ ਸ਼ੁਰੂ ਕਰ ਦਿੱਤੀ ਅਤੇ ਇਹ ਝੜਪ ਵਿੱਚ ਬਦਲ ਗਿਆ। ਸਥਿਤੀ ਨੂੰ ਵਿਗੜਦੀ ਦੇਖ ਕੇ, ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਦੋਵਾਂ ਧਿਰਾਂ ਨੂੰ ਸ਼ਾਂਤ ਕੀਤਾ। ਪੁਲਿਸ ਦੇ ਦਖਲ ਤੋਂ ਬਾਅਦ ਹੀ ਮਾਮਲਾ ਸ਼ਾਂਤ ਹੋਇਆ। ਇਹ ਗੁਰਦੁਆਰਾ ਗਰਮਖਿਆਲੀ ਸਮਰਥਕ ਹਰਦੀਪ ਸਿੰਘ ਨਿੱਝਰ ਨਾਲ ਜੁੜਿਆ ਮੰਨਿਆ ਜਾਂਦਾ ਹੈ, ਜਿਸ ਦੀ 2023 ਵਿੱਚ ਗੁਰੂ ਘਰ ਦੀ ਪਾਰਕਿੰਗ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਉਦੋਂ ਤੋਂ ਹੀ ਕਮੇਟੀ ਦੇ ਕੰਟਰੋਲ ਨੂੰ ਲੈ ਕੇ ਤਣਾਅ ਬਣਿਆ ਹੋਇਆ ਹੈ।

# ਕੈਨੇਡੀਅਨ ਪਾਸਪੋਰਟ 30 ਦਿਨ ਦੇ ਅੰਦਰ ਜਾਂ ਮੁਫ਼ਤ !

## * 1 ਅਪ੍ਰੈਲ ਤੋਂ ਲਾਗੂ ਹੋਈ ਨਵੀਂ ਗਾਰੰਟੀ * ਇੰਮੀਗ੍ਰੇਸ਼ਨ ਮੰਤਰੀ ਵੱਲੋਂ ਰੀਫ਼ੰਡ ਪੌਲਿਸੀ ਦਾ ਐਲਾਨ

ਔਟਵਾ : ਕੈਨੇਡਾ ਵਿਚ ਅੱਜ ਤੋਂ 30 ਦਿਨ ਦੇ ਅੰਦਰ ਪਾਸਪੋਰਟ ਜਾਂ ਫ਼ਰੀ ਵਾਲੀ ਸਹੂਲਤ ਲਾਗੂ ਹੋ ਗਈ ਹੈ। ਜੀ ਹਾਂ, ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਨੇ ਪਾਸਪੋਰਟ ਗਾਰੰਟੀ ਆਰੰਭ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਅਰਜ਼ੀ ਦਾਖਲ ਹੋਣ ਮਗਰੋਂ ਪਾਸਪੋਰਟ ਤਿਆਰ ਹੋਣ ਵਿਚ 30 ਕੰਮ ਵਾਲੇ ਦਿਨਾਂ ਤੋਂ ਵੱਧ ਸਮਾਂ ਲੱਗਿਆ ਤਾਂ ਫ਼ੀਸ ਵਾਪਸ ਕਰ ਦਿਤੀ ਜਾਵੇਗੀ। ਪਾਸਪੋਰਟ ਐਪਲੀਕੇਸ਼ਨ ਦੀ ਪ੍ਰੋਸੈਸਿੰਗ ਦਾ ਸਮਾਂ ਆਨਲਾਈਨ ਅਰਜ਼ੀ ਦਾਖਲ ਕਰਨ ਦੀ ਤਰੀਕ ਜਾਂ ਸਰਵਿਸ ਕੈਨੇਡਾ ਦੇ ਦਫ਼ਤਰ ਵਿਚ ਅਰਜ਼ੀ ਪੁੱਜਣ ਤੋਂ ਸ਼ੁਰੂ ਹੋਵੇਗਾ ਅਤੇ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ ਦੀ ਪ੍ਰਿੰਟਿੰਗ ਮਗਰੋਂ ਤਸਦੀਕ ਹੋਣ ਤੱਕ ਖ਼ਤਮ ਹੋ ਜਾਵੇਗਾ। ਮੁਕੰਮਲ ਤੌਰ 'ਤੇ ਭਰੀ ਹੋਈ ਪਾਸਪੋਰਟ ਐਪਲੀਕੇਸ਼ਨ ਨਾਲ ਬਿਨੈਕਾਰ ਦੀ ਤਸਵੀਰ ਅਤੇ ਲੋੜੀਂਦੇ ਦਤਸਾਵੇਜ਼ ਹੋਣੇ ਲਾਜ਼ਮੀ ਹਨ ਜਦਕਿ ਫ਼ੀਸ ਦੀ ਅਦਾਇਗੀ ਵੀ ਕੀਤੀ ਗਈ ਹੋਵੇ। 30 ਦਿਨ ਵਾਲੀ ਸ਼ਰਤ ਪਾਸਪੋਰਟ ਦੀਆਂ ਆਨਲਾਈਨ ਅਰਜ਼ੀਆਂ, ਡਾਕ ਰਾਹੀਂ ਭੇਜੀਆਂ ਅਰਜ਼ੀਆਂ ਜਾਂ ਸਰਵਿਸ ਕੈਨੇਡਾ ਦੇ ਦਫ਼ਤਰ ਵਿਚ ਜਾ ਕੇ ਦਾਖਲ ਕੀਤੀਆਂ ਅਰਜ਼ੀਆਂ 'ਤੇ ਲਾਗੂ ਹੋਵੇਗੀ।

ਡਾਕ ਰਾਹੀਂ ਭੇਜੀਆਂ ਅਰਜ਼ੀਆਂ ਦੇ ਮਾਮਲੇ ਵਿਚ ਰਾਹ ਵਿਚ ਲੱਗਣ ਵਾਲਾ ਸਮਾਂ ਨਹੀਂ ਗਿਣਿਆ ਜਾਵੇਗਾ। ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਮੁਲਕ ਦੇ ਲੋਕ ਸਰਕਾਰ ਤੋਂ ਭਰੋਸੇਮੰਦ ਸੇਵਾਵਾਂ ਦੀ ਉਮੀਦ ਕਰਦੇ ਹਨ ਜਿਸ ਦੇ ਮੱਦੇਨਜ਼ਰ 1 ਅਪ੍ਰੈਲ 2026 ਤੋਂ ਗਾਰੰਟੀ ਆਰੰਭੀ ਜਾ ਰਹੀ ਹੈ। ਭਾਵੇਂ ਜ਼ਿਆਦਾਤਰ ਪਾਸਪੋਰਟ ਤੈਅਸ਼ੁਦਾ ਸਮੇਂ ਦੇ ਅੰਦਰ ਹੀ ਤਿਆਰ ਹੋ ਜਾਂਦੇ ਹਨ ਪਰ ਨਵੀਂ ਰਿਫ਼ੰਡ ਪੌਲਿਸੀ ਪਾਸਪੋਰਟ ਡਿਲੀਵਰੀ ਸਿਸਟਮ ਨੂੰ ਬਿਹਤਰੀਨ ਬਣਾਈ ਰੱਖਣ ਦੀ ਵਚਨਬੱਧਤਾ ਦਰਸਾਉਂਦੀ ਹੈ। ਉਧਰ, ਰੁਜ਼ਗਾਰ ਅਤੇ ਪਰਵਾਰ ਭਲਾਈ ਮੰਤਰੀ ਪੈਟੀ ਹੈਦੂ ਨੇ ਕਿਹਾ ਕਿ ਜਦੋਂ ਕੈਨੇਡੀਅਨਜ਼ ਨੂੰ ਤੈਅਸ਼ੁਦਾ ਸਮਾਂ ਹੱਦ ਅੰਦਰ ਸੇਵਾਵਾਂ ਮਿਲਣਗੀਆਂ ਤਾਂ ਕੰਮ ਤੋਂ ਛੁੱਟੀ ਲੈਣ ਜਾਂ ਵਾਧੂ ਖ਼ਰਚਾ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਦੱਸ ਦੇਈਏ ਕਿ ਆਮ ਤੌਰ 'ਤੇ ਪਾਸਪੋਰਟ ਅਰਜ਼ੀਆਂ ਦੀ ਪ੍ਰੋਸੈਸਿੰਗ ਨਾਲ ਸਬੰਧਤ ਸਮਾਂ ਹੱਦ 10 ਤੋਂ 20 ਕੰਮ ਵਾਲੇ ਦਿਨ ਦਰਮਿਆਨ ਹੁੰਦੀ ਹੈ ਪਰ ਸਰਵਿਸ ਕੈਨੇਡਾ ਦੇ ਦਫ਼ਤਰ ਉਤੇ ਵੀ ਬਹੁਤ ਕੁਝ ਨਿਰਭਰ ਕਰਦਾ ਹੈ। ਕੈਨੇਡਾ ਸਰਕਾਰ ਵੱਲੋਂ 30 ਦਿਨ ਦੇ ਅੰਦਰ ਪਾਸਪੋਰਟ ਵਾਲੀ ਯੋਜਨਾ ਪਹਿਲੀ ਵਾਰ ਮਾਰਚ 2025 ਵਿਚ ਐਲਾਨੀ ਗਈ ਅਤੇ ਹੁਣ ਇਸ ਨੂੰ ਲਾਗੂ ਕਰਨਾ ਮੁਮਕਿਨ ਹੋ ਸਕਿਆ ਹੈ। ਫ਼ੈਡਰਲ ਸਰਕਾਰ ਦਾ ਕਹਿਣਾ ਹੈ ਕਿ ਪਾਸਪੋਰਟ ਹਾਸਲ ਕਰਨ ਦੇ ਰਾਹ ਵਿਚ ਆਉਣ ਵਾਲੇ ਸਾਰੇ ਅੜਿੱਕੇ ਖਤਮ ਕੀਤੇ ਜਾ ਰਹੇ ਹਨ ਅਤੇ ਖਰਚਾ ਵੀ ਘਟਾਇਆ ਜਾ ਰਿਹਾ ਹੈ।




ਮਹਾਂਮਾਰੀ ਦੌਰਾਨ ਪਾਸਪੋਰਟ ਅਰਜ਼ੀਆਂ ਦਾ ਬੈਕਲਾਗ ਵਧਣ ਕਰ ਕੇ ਲੋਕਾਂ ਨੂੰ ਯਾਤਰਾ ਦਸਤਾਵੇਜ਼ ਹਾਸਲ ਕਰਨ ਲਈ ਲੰਮੀ ਉਡੀਕ ਕਰਨੀ ਪਈ। ਵੱਡੇ ਪੱਧਰ 'ਤੇ ਕੀਤੀ ਯੋਜਨਾਬੰਦੀ ਦੇ ਬਾਵਜੂਦ ਪਾਸਪੋਰਟ ਦੀ ਮੰਗ ਵਿਚ ਹੋਏ ਵਾਧੇ ਨਾਲ ਨਜਿੱਠਣਾ ਔਖਾ ਹੋ ਗਿਆ।

2021 ਤੋਂ 2022 ਦਰਮਿਆਨ ਲੋਕਾਂ ਵੱਲੋਂ ਪਾਸਪੋਰਟ ਅਰਜ਼ੀਆਂ ਨਾਲ ਸਬੰਧਤ ਫੋਨ ਕਾਲਜ਼ ਚਾਰ ਗੁਣਾ ਵਧ ਗਈਆਂ ਅਤੇ ਕਿਸੇ ਕੋਲ ਢੁਕਵਾਂ ਜਵਾਬ ਨਹੀਂ ਸੀ ਹੁੰਦਾ। 2021-22 ਦੇ ਵਰ੍ਹੇ ਦੌਰਾਨ ਸਰਵਿਸ ਕੈਨੇਡਾ ਵੱਲੋਂ 13 ਲੱਖ ਪਾਸਪੋਰਟ ਜਾਰੀ ਕੀਤੇ ਗਏ ਜਦਕਿ 2018-19 ਵਿਚ 30 ਲੱਖ ਪਾਸਪੋਰਟ ਜਾਰੀ ਕੀਤੇ ਗਏ ਸਨ। ਹਾਲਾਤ ਦੇ ਮੱਦੇਨਜ਼ਰ ਨਾਗਰਿਕ ਸੇਵਾਵਾਂ ਵਿਭਾਗ ਵੱਲੋਂ ਪ੍ਰੋਸੈਸਿੰਗ ਤੇਜ਼ ਕਰਨ ਖਾਤਰ ਵਸੀਲਿਆਂ ਵਿਚ ਵਾਧਾ ਕੀਤਾ ਗਿਆ ਅਤੇ ਲੋਕਾਂ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇਣ ਲਈ ਆਟੋਮੈਟਿਕ ਪ੍ਰਣਾਲੀ ਲਿਆਂਦੀ। ਸਿਰਫ ਐਨਾ ਹੀ ਨਹੀਂ ਆਨਲਾਈਨ ਪਾਸਪੋਰਟ ਨਵਿਆਉਣ ਦੀ ਸਹੂਲਤ ਆਰੰਭੀ ਗਈ ਅਤੇ ਇਸ ਨੂੰ ਕੁਝ ਥਾਵਾਂ ਤੋਂ ਸ਼ੁਰੂ ਕਰਦਿਆਂ ਘੇਰਾ ਲਗਾਤਾਰ ਵਧਾਇਆ ਜਾ ਰਿਹਾ ਹੈ। ਪਾਸਪੋਰਟ ਤੋਂ ਅੱਗੇ ਵਧਦਿਆਂ ਸਰਵਿਸ ਕੈਨੇਡਾ ਵੱਲੋਂ ਇੰਪਲੌਇਮੈਂਟ ਇੰਸ਼ੋਰੈਂਸ, ਓਲਡ ਏਜ ਸਕਿਉਰਿਟੀ ਅਤੇ ਕੈਨੇਡਾ ਪੈਨਸ਼ਨ ਪਲੈਨ ਵਰਗੀਆਂ ਸੇਵਾਵਾਂ ਵੀ ਤੇਜ਼ ਕੀਤੀਆਂ ਜਾ ਰਹੀਆਂ ਹਨ।









## ਸਾਬਕਾ ਮੰਤਰੀ ਲਾਲਜੀਤ ਭੁੱਲਰ ਦੀ ਕੋਰਟ 'ਚ ਹੋਈ ਪੇਸ਼ੀ, 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਭੇਜਿਆ



ਵੇਅਰਹਾਊਸ ਦੇ ਡੀਐੱਮ ਗਗਨਦੀਪ ਸਿੰਘ ਰੰਧਾਵਾ ਮੌਤ ਮਾਮਲੇ ਨਾਲ ਜੁੜੇ ਮਾਮਲੇ ਵਿਚ 3 ਦਿਨ ਦੀ ਰਿਮਾਂਡ ਖਤਮ ਹੋਣ ਦੇ ਬਾਅਦ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਕੋਰਟ ਨੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।

ਦੱਸ ਦੇਈਏ ਕਿ ਧੰ ਰੰਧਾਵਾ ਦੇ ਮੌਤ ਮਾਮਲੇ ਵਿਚ ਭੁੱਲਰ ਖਿਲਾਫ ਐੱਫਆਈਆਰ ਦਰਜ ਕੀਤੀ ਗਈ ਤੇ ਉਨ੍ਹਾਂ ਦਾ ਮੰਤਰੀ ਅਹੁਦਾ ਵੀ ਵਾਪਸ ਲੈ ਲਿਆ ਗਿਆ। ਇਸ ਤੋਂ ਪਹਿਲਾਂ 24 ਮਾਰਚ ਨੂੰ ਅਦਾਲਤ ਨੇ ਉਨ੍ਹਾਂ ਨੂੰ 5 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਸੀ। 21-22 ਮਾਰਚ ਦੀ ਮੱਧ ਰਾਤ ਨੂੰ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਤੇ ਪੀਏ ਦਿਲਬਾਗ ਸਿੰਘ ਤੇ 2 ਹੋਰ ਹੋਰਨਾਂ ਖਿਲਾਫ ਪਰਚਾ ਦਰਜ ਹੋਇਆ। ਪੁਲਿਸ ਨੇ 23 ਮਾਰਚ ਨੂੰ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕੀਤਾ। 24 ਮਾਰਚ ਨੂੰ ਉਨ੍ਹਾਂ ਨੂੰ ਕੋਰਟ ਵਿਚ ਪੇਸ਼ ਕੀਤਾ ਗਿਆ ਤੇ 5 ਦਿਨਾਂ ਦਾ ਰਿਮਾਂਡ ਲਿਆ। ਐਤਵਾਰ ਨੂੰ ਪੁਲਿਸ ਨੇ ਫਿਰ ਤੋਂ ਕੋਰਟ ਵਿਚ ਪੇਸ਼ ਕੀਤਾ ਤੇ 3 ਦਿਨਾਂ ਦਾ ਰਿਮਾਂਡ ਮਿਲਿਆ।

## ਦੱਖਣੀ ਸੂਡਾਨ 'ਚ ਅਣਪਛਾਤੇ ਬੰਦੂਕਧਾਰੀਆਂ ਨੇ 70 ਤੋਂ ਵੱਧ ਲੋਕਾਂ ਦਾ ਕੀਤਾ ਕਤਲ



ਜੁਬਾ: ਦੱਖਣੀ ਸੁਡਾਨ ਦੀ ਰਾਜਧਾਨੀ ਜੁਬਾ ਦੇ ਬਾਹਰਵਾਰ ਇੱਕ ਸੋਨੇ ਦੀ ਖਾਨ ਨੂੰ ਲੈ ਕੇ ਹੋਏ ਝਗੜੇ ਵਿੱਚ ਅਣਪਛਾਤੇ ਬੰਦੂਕਧਾਰੀਆਂ ਨੇ 70 ਤੋਂ ਵੱਧ ਲੋਕਾਂ ਦੀ ਹੱਤਿਆ ਕਰ ਦਿੱਤੀ, ਇੱਕ ਪੁਲਿਸ ਬੁਲਾਰੇ ਨੇ ਸੋਮਵਾਰ ਨੂੰ ਕਿਹਾ।

ਇਸ ਘਟਨਾ ਦਾ ਕਥਿਤ ਤੌਰ 'ਤੇ ਇੱਕ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿੱਚ ਦਰਜਨਾਂ ਲਾਸ਼ਾਂ ਇੱਕ ਖੁੱਲ੍ਹੇ ਮੈਦਾਨ ਵਿੱਚ ਪਈਆਂ ਦਿਖਾਈਆਂ ਗਈਆਂ ਹਨ। ਇੱਕ ਸਥਾਨਕ ਪੱਤਰਕਾਰ ਨੇ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ ਕਈ ਹੋਰ ਪੀੜਤ ਝਾੜੀਆਂ ਵਿੱਚ ਭੱਜ ਗਏ ਹਨ।

ਇਰਾਕ ਦੇ ਸੁਡਾਨੀ ਰਾਜ ਜੇਬੇਲ ਵਿੱਚ ਇੱਕ ਸੋਨੇ ਦੀ ਖਾਨ ਨੂੰ ਲੈ ਕੇ ਗੈਰ-ਕਾਨੂੰਨੀ ਖਾਣਕਾਰਾਂ ਅਤੇ ਮਾਈਨਿੰਗ ਕੰਪਨੀਆਂ ਵਿਚਕਾਰ ਪਹਿਲਾਂ ਹਿੰਸਕ ਝੜਪਾਂ ਹੋਈਆਂ ਹਨ। ਪੁਲਿਸ ਬੁਲਾਰੇ ਕਵਾਸੀਵੋਕ ਡੋਮਿਨਿਕ ਅਮੋਂਡੋਕ ਨੇ ਕਿਹਾ ਕਿ ਉਹ ਹਮਲੇ ਬਾਰੇ ਵੇਰਵੇ ਪ੍ਰਾਪਤ ਹੁੰਦੇ ਹੀ ਸਾਂਝੇ ਕਰਨਗੇ।

"ਮੈਨੂੰ ਸਿਰਫ਼ ਇਹੀ ਪਤਾ ਹੈ ਕਿ ਅਣਪਛਾਤੇ ਬੰਦੂਕਧਾਰੀਆਂ ਨੇ ਜੇਬੇਲ ਇਰਾਕ ਵਿੱਚ ਇੱਕ ਸੋਨੇ ਦੀ ਖਾਨ 'ਤੇ ਹਮਲਾ ਕੀਤਾ। 70 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਕਈ ਹੋਰ ਜ਼ਖਮੀ ਹੋਏ ਹਨ," ਉਸਨੇ ਕਿਹਾ।

## ਬਿਹਾਰ : ਸ਼ੀਤਲਾ ਮਾਤਾ ਮੰਦਰ 'ਚ ਭਗਦੜ ! 8 ਦੀ ਮੌਤ, ਕਈ ਜ਼ਖਮੀ



ਬਿਹਾਰ: ਨਾਲੰਦਾ ਜ਼ਿਲ੍ਹੇ ਦੇ ਮਾਂ ਸ਼ੀਤਲਾ ਮੰਦਰ ਵਿੱਚ ਭਗਦੜ ਮਚਣ ਦੀ ਖ਼ਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਭਗਦੜ ਕਾਰਨ 8 ਔਰਤਾਂ ਦੀ ਮੌਤ ਹੋ ਗਈ ਹੈ ਅਤੇ ਕਈ ਲੋਕ ਜ਼ਖਮੀ ਹਨ । ਮ੍ਰਿਤਕਾਂ ਵਿੱਚੋਂ ਦੋ ਲੋਕਾਂ ਦੀ ਪਛਾਣ ਹੋ ਗਈ ਹੈ। ਇਹ ਘਟਨਾ ਨਾਲੰਦਾ ਜ਼ਿਲ੍ਹੇ ਦੇ ਦੀਪਨਗਰ ਥਾਣਾ ਖੇਤਰ ਦੀ ਹੈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ।

ਘਟਨਾ ਵਾਲੀ ਥਾਂ 'ਤੇ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਮਰਨ ਵਾਲਿਆਂ ਵਿੱਚੋਂ ਜਿਨ੍ਹਾਂ ਦੋ ਔਰਤਾਂ ਦੀ ਪਛਾਣ ਹੋਈ ਹੈ, ਉਨ੍ਹਾਂ ਵਿੱਚ ਸਕੁੰਤ ਬਿਹਾਰ ਦੇ ਰਹਿਣ ਵਾਲੇ ਦਿਨੇਸ਼ ਰਜਕ ਦੀ ਪਤਨੀ ਰੀਤਾ ਦੇਵੀ (50) ਅਤੇ ਮਥੁਰਾਪੁਰ ਨੂਰਸਰਾਏ ਦੇ ਰਹਿਣ ਵਾਲੇ ਕਮਲੇਸ਼ ਪ੍ਰਸਾਦ ਦੀ ਪਤਨੀ ਰੇਖਾ ਦੇਵੀ (45) ਸ਼ਾਮਲ ਹਨ। ਸੂਬੇ ਦੇ ਉਪ-ਮੁੱਖ ਮੰਤਰੀ ਸਮਰਾਟ ਚੌਧਰੀ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਦੱਸ ਦਈਏ ਕਿ ਅੱਜ ਚੇਤ ਮਹੀਨੇ ਦਾ ਆਖਰੀ ਮੰਗਲਵਾਰ ਹੈ। ਇਸ ਕਾਰਨ ਮੰਦਰ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਇਕੱਠੀ ਹੋ ਗਈ। ਇਹ ਮੰਦਰ ਨਲੰਦਾ ਤੋਂ ਲਗਭਗ 5 ਕਿਲੋਮੀਟਰ ਦੂਰ ਮਘਰਾ ਪਿੰਡ ਵਿੱਚ ਸਥਿਤ ਹੈ। ਮੁੱਖ ਪੂਜਾ ਚੇਤ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅਸ਼ਟਮੀ (ਸ਼ੀਤਲਾ ਅਸ਼ਟਮੀ) ਨੂੰ ਕੀਤੀ ਜਾਂਦੀ ਹੈ। ਇਹ ਪਰੰਪਰਾ ਹੈ ਕਿ ਸ਼ੀਤਲਾ ਅਸ਼ਟਮੀ ਦੇ ਦਿਨ ਘਰਾਂ ਵਿੱਚ ਚੁੱਲ੍ਹਾ ਨਹੀਂ ਜਗਾਇਆ ਜਾਂਦਾ। ਸ਼ਰਧਾਲੂ ਇੱਕ ਦਿਨ ਪਹਿਲਾਂ ਤਿਆਰ ਕੀਤਾ ਗਿਆ ਠੰਡਾ ਭੋਜਨ (ਬਾਸੀ) ਮਾਂ ਦੇਵੀ ਨੂੰ ਭੋਗ ਲਗਾਉਂਦੇ ਹਨ। ਅਸ਼ਟਮੀ ਦੇ ਦਿਨ ਇੱਥੇ ਬਹੁਤ ਭੀੜ ਹੁੰਦੀ ਹੈ, ਲੋਕ ਮਾਂ ਦੇਵੀ ਦੇ ਦਰਸ਼ਨ ਕਰਨ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੁੰਦੇ ਹਨ। ਜਿਵੇਂ ਹੀ ਭਗਦੜ ਮਚੀ, ਮੰਦਰ ਦੇ ਆਲੇ-ਦੁਆਲੇ ਚੀਕ-ਚਿਹਾੜਾ ਪੈ ਗਿਆ। ਹਾਦਸੇ ਤੋਂ ਬਾਅਦ, ਪਟਨਾ ਕਮਿਸ਼ਨਰ ਨੂੰ ਬਿਹਾਰ ਸ਼ਰੀਫ ਭੇਜਿਆ ਗਿਆ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਜਾਂਚ ਦੇ ਹੁਕਮ ਦਿੱਤੇ ਹਨ।

## ਚੰਡੀਗੜ੍ਹ 'ਚ ਪੰਜਾਬ ਭਾਜਪਾ ਹੈੱਡਕੁਆਰਟਰ ਦੇ ਬਾਹਰ ਧਮਾਕਾ



ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ 'ਚ ਬੰਬ ਧਮਾਕਾ ਹੋਇਆ ਹੈ। ਸੈਕਟਰ-37 ਸਥਿਤ ਭਾਜਪਾ ਹੈੱਡਕੁਆਰਟਰ ਦੇ ਬਾਹਰ ਬੁੱਧਵਾਰ ਦੁਪਹਿਰ ਧਮਾਕਾ ਹੋਣ ਕਾਰਨ ਹਫੜਾ-ਦਫੜੀ ਮਚ ਗਈ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਦੀ ਆਵਾਜ਼ ਦੂਰ ਤੱਕ ਸੁਣਾਈ ਦਿੱਤੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ, ਫਾਇਰ ਵਿਭਾਗ ਅਤੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਘਟਨਾ ਤੋਂ ਬਾਅਦ ਉੱਥੇ ਦਹਿਸ਼ਤ ਦਾ ਮਾਹੌਲ ਹੈ। ਪੁਲਿਸ ਨੇ ਪੂਰੇ ਇਲਾਕੇ ਨੂੰ ਸੀਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਆਸਪਾਸ ਦੇ ਸੀਸੀਟੀਵੀ ਸਕੈਨ ਕੀਤੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਸ਼ਾਮ ਕਰੀਬ ਪੰਜ ਵਜੇ ਸੈਕਟਰ-37 ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫਤਰ ਦੇ ਬਾਹਰ ਖੜ੍ਹੇ ਇਕ ਸਕੂਟਰ 'ਚ ਜ਼ੋਰਦਾਰ ਧਮਾਕਾ ਹੋਇਆ। ਧਮਾਕੇ ਵਿੱਚ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ ਹੈ। ਚੰਡੀਗੜ੍ਹ ਦੇ ਐਸਐਸਪੀ ਅਤੇ ਆਈਜੀ ਪੁਸ਼ਪੇਂਦਰ ਕੁਮਾਰ ਮੌਕੇ 'ਤੇ ਪਹੁੰਚ ਗਏ ਹਨ। ਇਹ ਸਕੂਟਰ ਕਿਸਦਾ ਸੀ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ। ਭਾਜਪਾ ਦਫਤਰ ਦੇ ਅੰਦਰ ਕੋਈ ਨੁਕਸਾਨ ਨਹੀਂ ਹੋਇਆ ਹੈ। ਫਾਇਰ ਬ੍ਰਿਗੇਡ, ਡੌਗ ਸਕੁਐਡ ਅਤੇ ਬੰਬ ਸਕੁਐਡ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ। ਫੋਰੈਂਸਿਕ ਟੀਮ ਵੀ ਮੌਕੇ 'ਤੇ ਮੌਜੂਦ ਹੈ ਅਤੇ ਸੈਂਪਲ ਲਏ ਜਾ ਰਹੇ ਹਨ। ਇਸ ਘਟਨਾ ਤੋਂ ਬਾਅਦ ਪੂਰੇ ਸ਼ਹਿਰ ਨੂੰ ਅਲਰਟ 'ਤੇ ਕਰ ਦਿੱਤਾ ਗਿਆ ਹੈ।

## "ਬਲੈਕਮੇਲਿੰਗ ਦੇ ਦਮ 'ਤੇ ਨਹੀਂ ਚੱਲੇਗੀ ਹੜਤਾਲ...", ਆੜ੍ਹਤੀਆਂ ਦੀ ਹੜਤਾਲ 'ਤੇ CM ਭਗਵੰਤ ਮਾਨ ਦਾ ਬਿਆਨ

ਪੰਜਾਬ ਦੀਆਂ ਮੰਡੀਆਂ ਵਿੱਚ ਅੱਜ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ, ਪਰ ਕਮਿਸ਼ਨ ਏਜੰਟ ਹੜਤਾਲ 'ਤੇ ਚਲੇ ਗਏ ਹਨ। ਇਸ ਮੁੱਦੇ 'ਤੇ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਬਲੈਕਮੇਲਿੰਗ ਦੇ ਦਮ 'ਤੇ ਹੜਤਾਲ ਨਹੀਂ ਚੱਲੇਗੀ। ਆਪਣੀਆਂ ਮੰਗਾਂ ਮਨਵਾਉਣ ਲਈ ਬਲੈਕਮੇਲ ਕਰਨਾ ਸਹੀ ਗੱਲ ਨਹੀਂ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਕੀਤਾ ਹੈ ਕਿ ਆੜ੍ਹਤੀਆਂ ਦੀਆਂ ਮੰਗਾਂ ਕੇਂਦਰ ਨਾਲ ਸਬੰਧਤ ਹਨ। ਜਿਹੜੀ ਚੀਜ਼ ਸਾਡੇ ਹੱਥ ਵਿੱਚ ਨਹੀਂ ਹੈ ਉਸ ਲਈ ਅਸੀਂ ਕੁਝ ਨਹੀਂ ਕਰ ਸਕਦੇ। ਕਮਿਸ਼ਨ ਏਜੰਟਾਂ ਦੇ ਸੱਦੇ ਤੋਂ ਬਾਅਦ, ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਉਨ੍ਹਾਂ ਨਾਲ ਮੀਟਿੰਗ ਕਰਨ ਦਾ ਫੈਸਲਾ ਕੀਤਾ ਹੈ।



ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਮੀਟਿੰਗ ਲਈ ਬੁਲਾਇਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹੜਤਾਲ ਬਲੈਕਮੇਲਿੰਗ 'ਤੇ ਅਧਾਰਤ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਦੀ ਹੜਤਾਲ ਕੇਂਦਰ ਸਰਕਾਰ ਦੇ ਵਿਰੁੱਧ ਹੈ। "ਅਸੀਂ ਉਨ੍ਹਾਂ ਨਾਲ ਮੁਲਾਕਾਤ ਕਰਾਂਗੇ ਅਤੇ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਕਰਾਂਗੇ," ਉਨ੍ਹਾਂ ਕਿਹਾ, ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ। ਕਮਿਸ਼ਨ ਏਜੰਟਾਂ ਦੇ ਅਨੁਸਾਰ, 2020 ਤੱਕ, ਕਮਿਸ਼ਨ ਏਜੰਟਾਂ ਨੂੰ ਐਮਐਸਪੀ (ਘੱਟੋ-ਘੱਟ ਸਮਰਥਨ ਮੁੱਲ) 'ਤੇ 2.5% ਕਮਿਸ਼ਨ ਮਿਲਦਾ ਸੀ।

ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2585 ਰੁਪਏ ਪ੍ਰਤੀ ਕੁਇੰਟਲ ਹੋਣ ਕਰਕੇ, ਇਹ ਲਗਭਗ 65 ਰੁਪਏ ਪ੍ਰਤੀ ਕੁਇੰਟਲ ਬਣਦਾ ਹੈ। ਕਮਿਸ਼ਨ 2018-19 ਤੋਂ ਇੱਕ ਨਿਸ਼ਚਿਤ ਦਰ 'ਤੇ ਹੈ। ਇਹ ਪਹਿਲਾਂ 46 ਰੁਪਏ ਪ੍ਰਤੀ ਕੁਇੰਟਲ ਸੀ, ਪਰ ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਇਸਨੂੰ ਵਧਾ ਕੇ 50.75 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ।

## ਨਿਊਜ਼ੀਲੈਂਡ ਦੇ ਡਰੱਗ ਤਸਕਰ ਬਲਤੇਜ ਸਿੰਘ ਨੇ ਪਛਾਣ ਲੁਕਾਉਣ ਵਾਲੀ ਪਟੀਸ਼ਨ ਲਈ ਵਾਪਸ



ਨਿਊਜ਼ੀਲੈਂਡ: ਬਲਤੇਜ ਸਿੰਘ, ਜੋ ਨਿਊਜ਼ੀਲੈਂਡ ਵਿੱਚ ਕਾਰੋਬਾਰ ਦੀ ਆੜ ਵਿੱਚ ਇੱਕ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਚਲਾਉਂਦਾ ਸੀ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦਾ ਭਤੀਜਾ ਹੈ। ਆਕਲੈਂਡ ਵਿੱਚ ਰਹਿੰਦਿਆਂ, ਬਲਤੇਜ ਭਾਰਤ, ਦੁਬਈ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਨਸ਼ੀਲੇ ਪਦਾਰਥਾਂ ਦੀ ਦਰਾਮਦ ਕਰਦਾ ਸੀ।

ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਨਾਰੀਅਲ ਪਾਣੀ ਦੇ ਡੱਬਿਆਂ, ਸ਼ਹਿਦ ਬੀਅਰ ਦੇ ਡੱਬਿਆਂ ਅਤੇ ਕੋਂਬੂਚਾ ਬੋਤਲਾਂ ਵਿੱਚ ਛੁਪਾ ਕੇ ਨਿਊਜ਼ੀਲੈਂਡ ਵਿੱਚ ਮੇਥਾਮਫੇਟਾਮਾਈਨ ਅਤੇ ਐਫੇਡਰਾਈਨ ਵਰਗੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਸੀ। ਇਹ ਨੈੱਟਵਰਕ 2021 ਵਿੱਚ ਸ਼ੁਰੂ ਹੋਇਆ ਸੀ। ਇਸ ਖੇਪ ਨੂੰ ਵੱਖ-ਵੱਖ ਦੇਸ਼ਾਂ ਤੋਂ ਉਡਾਣਾਂ ਅਤੇ ਕੰਟੇਨਰਾਂ ਰਾਹੀਂ ਆਕਲੈਂਡ ਲਿਜਾਇਆ ਗਿਆ ਸੀ।

ਜਨਵਰੀ 2023 ਵਿੱਚ, ਜਦੋਂ ਉਸਨੇ ਆਪਣੀ ਕਿਰਾਏ ਦੀ ਇਕਾਈ ਵਿੱਚ ਭੇਜੇ ਗਏ ਹਜ਼ਾਰਾਂ ਡੱਬੇ ਖੋਲ੍ਹਣੇ ਸ਼ੁਰੂ ਕੀਤੇ, ਤਾਂ ਪੁਲਿਸ ਨੇ ਸਹੂਲਤ 'ਤੇ ਛਾਪਾ ਮਾਰਿਆ। 700 ਕਿਲੋਗ੍ਰਾਮ ਤੋਂ ਵੱਧ ਮੇਥਾਮਫੇਟਾਮਾਈਨ ਬਰਾਮਦ ਕੀਤਾ ਗਿਆ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ।

2025 ਵਿੱਚ, ਨਿਊਜ਼ੀਲੈਂਡ ਹਾਈ ਕੋਰਟ ਨੇ ਉਸਨੂੰ 22 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਉਸ ਸਮੇਂ, ਉਸਨੇ ਆਪਣੀ ਪਛਾਣ ਲੁਕਾਉਣ ਲਈ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਇਹ ਕਹਿੰਦੇ ਹੋਏ ਕਿ ਉਸਦਾ ਨਾਮ ਦੱਸਣ ਨਾਲ ਉਸਦੇ ਪਰਿਵਾਰ ਨੂੰ ਖ਼ਤਰਾ ਹੋਵੇਗਾ।

ਅਦਾਲਤ ਨੇ ਉਸ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਪੁਲਿਸ, ਸਰਕਾਰ ਅਤੇ ਮੀਡੀਆ ਨੂੰ ਉਸਦਾ ਨਾਮ ਪ੍ਰਗਟ ਨਾ ਕਰਨ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਉਸਦੀ ਪਛਾਣ ਭਾਰਤ ਵਿੱਚ ਪਹਿਲਾਂ ਹੀ ਜਨਤਕ ਕੀਤੀ ਜਾ ਚੁੱਕੀ ਸੀ। ਨਿਊਜ਼ੀਲੈਂਡ ਵਿੱਚ ਉਸਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਹੁਣ ਇਹ ਦੱਸਿਆ ਗਿਆ ਹੈ ਕਿ ਉਸਨੇ ਸੁਪਰੀਮ ਕੋਰਟ ਵਿੱਚ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ। ਨਤੀਜੇ ਵਜੋਂ, ਉਸਦੀ ਪਛਾਣ ਜਨਤਕ ਕਰ ਦਿੱਤੀ ਗਈ ਹੈ।

## ਅਮਰੀਕਾ 'ਚ ਸੜਕ ਹਾਦਸੇ 'ਚ ਕਰਨਾਲ ਦੇ 20 ਸਾਲਾ ਨੌਜਵਾਨ ਦੀ ਮੌਤ

ਹਰਿਆਣਾ : ਅਮਰੀਕਾ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਕਰਨਾਲ ਜ਼ਿਲ੍ਹੇ ਦੇ ਪਿੰਡ ਘੋਘੜੀਪੁਰ ਦੇ ਇੱਕ 20 ਸਾਲਾ ਨੌਜਵਾਨ ਦੀ ਅਮਰੀਕਾ ਵਿੱਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਇਹ ਨੌਜਵਾਨ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਲਈ ਵਿਦੇਸ਼ ਗਿਆ ਸੀ, ਪਰ ਇਸ ਹਾਦਸੇ ਨੇ ਪੂਰੇ ਪਰਿਵਾਰ ਨੂੰ ਡੂੰਘੇ ਸਦਮੇ ਵਿੱਚ ਪਾ ਦਿੱਤਾ ਹੈ। ਹੁਣ ਪਰਿਵਾਰਕ ਮੈਂਬਰ ਆਪਣੇ ਪੁੱਤਰ ਦੇ ਆਖਰੀ ਦਰਸ਼ਨਾਂ ਲਈ ਉਸਦੀ ਦੇਹ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟੇ ਹੋਏ ਹਨ ਅਤੇ ਇਸ ਲਈ ਸਰਕਾਰ, ਪ੍ਰਸ਼ਾਸਨ ਤੇ ਆਮ ਲੋਕਾਂ ਤੋਂ ਮਦਦ ਦੀ ਅਪੀਲ ਕਰ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਘੋਘੜੀਪੁਰ ਪਿੰਡ ਦਾ ਆਰਿਅਨ ਮਾਨ ਕਰੀਬ ਇੱਕ ਸਾਲ ਪਹਿਲਾਂ ਅਮਰੀਕਾ ਗਿਆ ਸੀ। ਉੱਥੇ ਉਸਨੂੰ ਨੌਕਰੀ ਵੀ ਮਿਲ ਗਈ ਸੀ ਅਤੇ ਉਸਨੇ ਇੱਕ ਗੱਡੀ ਵੀ ਖਰੀਦ ਲਈ ਸੀ।ਪਰਿਵਾਰ ਨੂੰ ਉਮੀਦ ਸੀ ਕਿ ਆਰਿਅਨ ਵਿਦੇਸ਼ ਵਿੱਚ ਮਿਹਨਤ ਕਰਕੇ ਘਰ ਦੀ ਆਰਥਿਕ ਸਥਿਤੀ ਨੂੰ ਬਿਹਤਰ ਬਣਾਏਗਾ। ਦੋ ਦਿਨ ਪਹਿਲਾਂ ਆਰਿਅਨ ਕਿਤੇ ਜਾ ਰਿਹਾ ਸੀ ਕਿ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ।

## ਖੇੜੀ ਵਾਲਾ ਬਾਬਾ ਗੁਰਵਿੰਦਰ ਸਿੰਘ ਅਕਾਲੀ ਦਲ (ਵਾਰਿਸ ਪੰਜਾਬ) ਪਾਰਟੀ 'ਚ ਹੋਇਆ ਸ਼ਾਮਲ



ਗਰੂਰ: ਸੰਗਰੂਰ ਦੇ ਰਹਿਣ ਵਾਲੇ ਬਾਬਾ ਗੁਰਵਿੰਦਰ ਸਿੰਘ ਖੇੜੀ ਵਾਲੇ, ਜਿਨ੍ਹਾਂ ਨੇ ਦੂਜੀ ਵਾਰ ਵਿਆਹ ਕਰਵਾਉਣ, ਘੋੜੇ ਦਾ ਨਾਮ "ਪੰਜਾਬ ਸ਼ਿੰਗਾਰ" ਰੱਖਣ ਅਤੇ ਜਨਤਕ ਤੌਰ 'ਤੇ ਅਫੀਮ ਦੀ ਲਤ ਦਾ ਸਮਰਥਨ ਕਰਨ ਲਈ ਸੁਰਖੀਆਂ ਬਟੋਰੀਆਂ ਸਨ, ਹੁਣ ਰਾਜਨੀਤੀ ਵਿੱਚ ਆ ਗਏ ਹਨ। ਉਹ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਕਾਲੀ ਦਲ (ਵਾਰਿਸ ਪੰਜਾਬ) ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਹ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ ਖੜ੍ਹੇ ਕੀਤੇ ਗਏ ਕਿਸੇ ਵੀ ਉਮੀਦਵਾਰ ਲਈ ਪ੍ਰਚਾਰ ਕਰਨਗੇ। ਉਨ੍ਹਾਂ ਨੇ ਇਹ ਐਲਾਨ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਕੀਤਾ। ਹਾਲਾਂਕਿ, ਸੋਸ਼ਲ ਮੀਡੀਆ 'ਤੇ, ਲੋਕ ਬਾਬਾ ਗੁਰਵਿੰਦਰ ਅਤੇ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਦੋਵਾਂ 'ਤੇ ਸਵਾਲ ਉਠਾ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਨਸ਼ਿਆਂ ਵਿਰੁੱਧ ਲੜ ਰਹੀ ਹੈ, ਜਦੋਂ ਕਿ ਬਾਬਾ ਗੁਰਵਿੰਦਰ ਸਿੰਘ ਇਸਦਾ ਸਮਰਥਨ ਕਰਦੇ ਹਨ। ਤਾਂ ਇਹ ਦੋਵੇਂ ਕਿਵੇਂ ਇਕੱਠੇ ਹੋ ਸਕਦੇ ਹਨ? ਧਿਆਨ ਦੇਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਇੱਕ ਇੰਟਰਵਿਊ ਵਿੱਚ, ਬਾਬਾ ਨੇ ਕਿਹਾ ਸੀ ਕਿ ਉਹ ਅਫੀਮ ਦਾ ਸੇਵਨ ਕਰਦਾ ਹੈ ਅਤੇ ਆਪਣੀ ਪਤਨੀ ਨੂੰ ਵੀ ਇਹ ਗੱਲ ਦੱਸੀ ਸੀ।




# ਮਿਡਲ ਈਸਟ ਦੀ ਜੰਗ ਦੇ ਪ੍ਰਭਾਵ ਨਾਲ ਭਾਰਤੀ ਬੌਂਡ ਮਾਰਕੀਟ ਵਿੱਚ ਵੱਡੀ ਗਿਰਾਵਟ




ਕੁਲਤਰਨ ਸਿੰਘ ਪਧਿਆਣਾ

ਮਿਡਲ ਈਸਟ ਵਿੱਚ ਵਧ ਰਹੀ ਤਣਾਅਪੂਰਨ ਸਥਿਤੀ ਦਾ ਅਸਰ ਭਾਰਤ ਦੀ ਵਿੱਤੀ ਮਾਰਕੀਟ ‘ਤੇ ਵੀ ਸਪੱਸ਼ਟ ਦਿਖਾਈ ਦੇ ਰਿਹਾ ਹੈ। ਹਾਲੀਆ ਦਿਨਾਂ ਵਿੱਚ ਭਾਰਤੀ ਸਰਕਾਰੀ ਬੌਂਡਾਂ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ, ਜੋ ਕਿ 2023 ਤੋਂ ਬਾਅਦ ਸਭ ਤੋਂ ਵੱਡੀ ਮੰਨੀ ਜਾ ਰਹੀ ਹੈ। ਆਰਥਿਕ ਮਾਹਿਰਾਂ ਮੁਤਾਬਕ, ਜੰਗੀ ਹਾਲਾਤਾਂ ਕਾਰਨ ਗਲੋਬਲ ਮਾਰਕੀਟਾਂ ਵਿੱਚ ਅਸਥਿਰਤਾ ਵਧੀ ਹੈ, ਜਿਸ ਨਾਲ ਨਿਵੇਸ਼ਕ ਸੁਰੱਖਿਅਤ ਨਿਵੇਸ਼ ਵੱਲ ਵਧ ਰਹੇ ਹਨ। ਇਸ ਦੇ ਨਾਲ ਹੀ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਨੇ ਭਾਰਤ ਵਰਗੇ ਤੇਲ ਆਯਾਤ ਕਰਨ ਵਾਲੇ ਦੇਸ਼ਾਂ ਲਈ ਚਿੰਤਾਵਾਂ ਵਧਾ ਦਿੱਤੀਆਂ ਹਨ।

ਭਾਵੇਂ ਕਿ ਰਿਜ਼ਰਵ ਬੈਂਕ ਆਫ ਇੰਡੀਆ (RBI) ਵੱਲੋਂ ਮਾਰਕੀਟ ਨੂੰ ਸਹਾਰਾ ਦੇਣ ਲਈ ਕਦਮ ਚੁੱਕੇ ਗਏ ਹਨ, ਪਰ ਮਿਡਲ ਈਸਟ ਦੀ ਜੰਗ ਦੇ ਪ੍ਰਭਾਵ ਨੇ ਉਹਨਾਂ ਉਪਰ ਹਾਵੀ ਹੋ ਕੇ ਬੌਂਡ ਯੀਲਡ ਵਿੱਚ ਵਾਧਾ ਕੀਤਾ ਹੈ ਅਤੇ ਕੀਮਤਾਂ ਵਿੱਚ ਗਿਰਾਵਟ ਆਈ ਹੈ।

ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਜੇਕਰ ਜਿਓਪਾਲਿਟੀਕਲ ਤਣਾਅ ਜਾਰੀ ਰਹਿੰਦਾ ਹੈ, ਤਾਂ ਆਉਣ ਵਾਲੇ ਸਮੇਂ ਵਿੱਚ ਵੀ ਮਾਰਕੀਟ ਵਿੱਚ ਉਤਾਰ-ਚੜ੍ਹਾਅ ਜਾਰੀ ਰਹਿ ਸਕਦਾ ਹੈ। ਨਿਵੇਸ਼ਕਾਂ ਨੂੰ ਸਾਵਧਾਨੀ ਨਾਲ ਫੈਸਲੇ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

ਭਾਰਤ ਸਰਕਾਰ ਵੱਲੋਂ ਕੁੱਝ ਦਿਨ ਪਹਿਲਾਂ ਹੀ ਲੱਖਾਂ ਕਰੋੜ ਰੁਪਏ ਦੇ ਨਵੇਂ ਸਰਕਾਰੀ ਬੌਂਡ ਜਾਰੀ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਨਾਲ ਬੌਂਡ ਮਾਰਕੀਟ ‘ਚ ਹੋਰ ਹਲਚਲ ਦੇਖਣ ਨੂੰ ਮਿਲ ਰਹੀ ਹੈ।

ਵਿੱਤ ਮੰਤਰਾਲੇ ਦੇ ਅਨੁਸਾਰ, ਇਹ ਬੌਂਡ ਜਾਰੀ ਕਰਕੇ ਸਰਕਾਰ ਆਪਣੀਆਂ ਖਰਚ ਯੋਜਨਾਵਾਂ ਅਤੇ ਵਿੱਤੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੇਗੀ। ਪਰ ਇਕੱਠੇ ਵੱਡੀ ਮਾਤਰਾ ਵਿੱਚ ਬੌਂਡ ਆਉਣ ਨਾਲ ਮਾਰਕੀਟ ‘ਚ ਸਪਲਾਈ ਵਧਦੀ ਹੈ, ਜਿਸ ਕਾਰਨ ਕੀਮਤਾਂ ‘ਤੇ ਦਬਾਅ ਪੈਂਦਾ ਹੈ ਅਤੇ ਯੀਲਡ ਵਿੱਚ ਵਾਧਾ ਹੁੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਮਿਡਲ ਈਸਟ ਦੀ ਸਥਿਤੀ ਕਾਰਨ ਨਿਵੇਸ਼ਕ ਸਾਵਧਾਨ ਹਨ, ਅਤੇ ਹੁਣ ਸਰਕਾਰੀ ਬੌਂਡਾਂ ਨੂੰ ਵੱਡੀ ਤਾਦਾਦ ਵਿੱਚ ਜਾਰੀ ਕਰਨ ਦੀ ਲੋੜ ਨੇ ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ। ਹਾਲਾਂਕਿ, ਰਿਜ਼ਰਵ ਬੈਂਕ ਆਫ ਇੰਡੀਆ (RBI) ਵੱਲੋਂ ਮਾਰਕੀਟ ਨੂੰ ਸਥਿਰ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ, ਪਰ ਗਲੋਬਲ ਅਸਰ ਹਾਲੇ ਵੀ ਭਾਰੀ ਪੈ ਰਹੇ ਹਨ।

# ਫਰਾਂਸ ਨੇ ਇਜ਼ਰਾਈਲ ਜਾਣ ਵਾਲੇ ਅਮਰੀਕੀ ਜਹਾਜ਼ਾਂ ਨੂੰ ਨਹੀਂ ਦਿੱਤਾ ਹਵਾਈ ਖੇਤਰ, ਟਰੰਪ ਨੇ ਕਿਹਾ ‘ਅਮਰੀਕਾ ਯਾਦ ਰੱਖੇਗਾ’



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਜਾਣ ਵਾਲੇ ਅਮਰੀਕੀ ਫੌਜੀ ਜਹਾਜ਼ਾਂ ਨੂੰ ਆਪਣੇ ਹਵਾਈ ਖੇਤਰ ਤੋਂ ਲੰਘਣ ਦੀ ਇਜਾਜ਼ਤ ਨਾ ਦੇਣ ਲਈ ਫਰਾਂਸ ਦੀ ਸਖ਼ਤ ਆਲੋਚਨਾ ਕੀਤੀ ਹੈ। ਟਰੰਪ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ ‘ਟਰੁਥ ਸੋਸ਼ਲ’ ‘ਤੇ ਪੋਸਟ ਕਰਦੇ ਹੋਏ ਫਰਾਂਸ ਨੂੰ ‘ਗੈਰ ਸਹਿਯੋਗੀ’ ਦੱਸਿਆ ਅਤੇ ਕਿਹਾ ਕਿ ਅਮਰੀਕਾ ਇਸ ਨੂੰ ਯਾਦ ਰੱਖੇਗਾ।

ਟਰੰਪ ਨੇ ਲਿਖਿਆ, ‘ਫਰਾਂਸ ਨੇ ਇਜ਼ਰਾਈਲ ਲਈ ਫੌਜੀ ਸਮੱਗਰੀ ਲੈ ਕੇ ਜਾਣ ਵਾਲੇ ਜਹਾਜ਼ਾਂ ਨੂੰ ਆਪਣੇ ਖੇਤਰ ‘ਚੋਂ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਫਰਾਂਸ ‘ਈਰਾਨ ਦੇ ਕਸਾਈ’ ਵਿਰੁੱਧ ਕਾਰਵਾਈ ਕਰਨ ਵਿਚ ਬਿਲਕੁਲ ਵੀ ਮਦਦਗਾਰ ਨਹੀਂ ਰਿਹਾ, ਜਿਸ ਨੂੰ ਸਫਲਤਾਪੂਰਵਕ ਖਤਮ ਕੀਤਾ ਗਿਆ ਹੈ। ਅਮਰੀਕਾ ਇਸ ਨੂੰ ਯਾਦ ਰੱਖੇਗਾ। ਰਿਪੋਰਟ ਅਨੁਸਾਰ ਇਜ਼ਰਾਈਲ ਨੇ ਫਰਾਂਸ ਨੂੰ ਰੱਖਿਆ ਉਪਕਰਨਾਂ ਦੀ ਵਿਕਰੀ ‘ਤੇ ਰੋਕ ਲਗਾ ਦਿੱਤੀ ਹੈ। ਪਿਛਲੇ ਦੋ ਸਾਲਾਂ ‘ਚ ਫਰਾਂਸ ਦੇ ‘ਦੁਸ਼ਮਣ ਰਵੱਈਏ’ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਰਸਮੀ ਤੌਰ ‘ਤੇ ਇਹ ਹੁਕਮ ਦਿੱਤਾ ਹੈ, ਹਾਲਾਂਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਹਿਮਤੀ ਤੋਂ ਬਿਨਾਂ ਇੰਨਾ ਵੱਡਾ ਫੈਸਲਾ ਸੰਭਵ ਨਹੀਂ ਮੰਨਿਆ ਜਾ ਰਿਹਾ ਹੈ। ਇਕ ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਇਹ ਫੈਸਲਾ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਵੱਲੋਂ ਅਮਰੀਕੀ ਜਹਾਜ਼ਾਂ ਨੂੰ ਇਜ਼ਰਾਈਲ ਜਾਣ ਵਾਲੇ ਫ੍ਰੈਂਚ ਹਵਾਈ ਖੇਤਰ ਦੀ ਵਰਤੋਂ ਕਰਨ ਤੋਂ ਰੋਕਣ ਤੋਂ ਬਾਅਦ ਲਿਆ ਗਿਆ ਹੈ।

ਤਾਜ਼ਾ ਘਟਨਾਕ੍ਰਮ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਇਟਲੀ ਨੇ ਵੀ ਅਮਰੀਕਾ ਨੂੰ ਆਪਣੇ ਸਿਗੋਨੇਲਾ ਏਅਰਬੇਸ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਟਲੀ ਦੇ ਰੱਖਿਆ ਮੰਤਰੀ ਗੁਇਡੋ ਕਰੋਸੇਟੋ ਨੇ ਸੋਮਵਾਰ ਨੂੰ ਇਹ ਫੈਸਲਾ ਲਿਆ। ਇਤਾਲਵੀ ਅਖਬਾਰ ਲਾ ਰਿਪਬਲਿਕਾ ਦੇ ਅਨੁਸਾਰ, ਇਟਲੀ ਨੇ ਇਹ ਫੈਸਲਾ ਸਿਗੋਨੇਲਾ ਵਿੱਚ ਉਤਰਨ ਤੋਂ ਬਾਅਦ ਅਮਰੀਕੀ ਜਹਾਜ਼ਾਂ ਦੇ ਪੱਛਮੀ ਏਸ਼ੀਆ ਲਈ ਉਡਾਣ ਭਰਨ ਦੀ ਯੋਜਨਾ ਬਾਰੇ ਪਤਾ ਲੱਗਣ ਤੋਂ ਬਾਅਦ ਲਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਬੰਧ ਵਿੱਚ ਨਾ ਤਾਂ ਕੋਈ ਇਜਾਜ਼ਤ ਮੰਗੀ ਗਈ ਸੀ ਅਤੇ ਨਾ ਹੀ ਇਤਾਲਵੀ ਫੌਜੀ ਅਧਿਕਾਰੀਆਂ ਨਾਲ ਸਲਾਹ ਕੀਤੀ ਗਈ ਸੀ। ਇਹ ਜਾਣਕਾਰੀ ਉਦੋਂ ਦਿੱਤੀ ਗਈ ਜਦੋਂ ਜਹਾਜ਼ਾਂ ਨੇ ਉਡਾਣ ਭਰੀ ਸੀ।

# ਤਿੰਨ ਕਾਂਗਰਸੀ ਬਲਾਕ ਪ੍ਰਧਾਨਾਂ ਦੇ ਬੇਰਹਿਮੀ ਨਾਲ ਕਤਲ ਲਈ ਮੁੱਖ ਮੰਤਰੀ ਅਤੇ ਡੀਜੀਪੀ ਸਿੱਧੇ ਤੌਰ 'ਤੇ ਜ਼ਿੰਮੇਵਾਰ: ਧਾਲੀਵਾਲ



ਚੰਡੀਗੜ੍ਹ: ਵਿਧਾਇਕ ਅਤੇ ਸਾਬਕਾ ਆਈਏਐਸ ਅਧਿਕਾਰੀ ਬਲਵਿੰਦਰ ਸਿੰਘ ਧਾਲੀਵਾਲ ਨੇ ਤਿੰਨ ਕਾਂਗਰਸੀ ਬਲਾਕ ਪ੍ਰਧਾਨਾਂ ਦੇ ਬੇਰਹਿਮੀ ਨਾਲ ਕਤਲ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਸੇ ਵਿਅਕਤੀ 'ਤੇ ਹਮਲਾ ਨਹੀਂ ਹੈ, ਸਗੋਂ ਲੋਕਤੰਤਰ ਅਤੇ ਕਾਨੂੰਨ ਦੇ ਰਾਜ 'ਤੇ ਸਿੱਧਾ ਹਮਲਾ ਹੈ। ਕਾਂਗਰਸ ਤਿੰਨਾਂ ਆਗੂਆਂ ਦੇ ਕਾਤਲਾਂ ਨੂੰ ਸਜ਼ਾ ਦੇਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਡੀਜੀਪੀ ਇਨ੍ਹਾਂ ਤਿੰਨਾਂ ਕਾਂਗਰਸੀ ਆਗੂਆਂ ਦੇ ਕਤਲਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਨਾ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਨਾ ਹੀ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਬਣਾਈ ਰੱਖਣ ਪ੍ਰਤੀ ਗੰਭੀਰ ਹਨ। ਧਾਲੀਵਾਲ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਇੱਕੋ ਦਿਨ ਵਿੱਚ ਦੋ ਕਤਲ ਅਤੇ ਇੱਕ ਧਮਾਕਾ ਹੋਇਆ, ਫਿਰ ਵੀ ਪੰਜਾਬ ਦੇ ਡੀਜੀਪੀ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ। ਇਹ ਹਾਲ ਹੀ ਵਿੱਚ ਪੰਜਾਬ ਵਿੱਚ ਹੋਇਆ ਦਸਵਾਂ ਧਮਾਕਾ ਹੈ।

ਇਸ ਦੌਰਾਨ, ਮੁੱਖ ਮੰਤਰੀ ਗੁਜਰਾਤ ਦੇ ਦੌਰੇ 'ਤੇ ਸਨ ਅਤੇ ਹੁਣ ਆਪਣੀ ਪਾਰਟੀ ਅਤੇ ਆਪਣੇ ਆਪ ਨੂੰ ਪ੍ਰਚਾਰ ਕਰਨ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਨੇ ਪੰਜਾਬ ਅਤੇ ਇਸਦੀ ਕਾਨੂੰਨ ਵਿਵਸਥਾ ਨੂੰ ਪਰਮਾਤਮਾ ਦੀ ਰਹਿਮਤ 'ਤੇ ਛੱਡ ਦਿੱਤਾ ਹੈ। ਕਾਨੂੰਨ ਵਿਵਸਥਾ ਨੂੰ ਸੁਧਾਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ ਹਨ, ਅਤੇ ਪੰਜਾਬ ਦੇ ਲੋਕ ਇਸਦਾ ਖਮਿਆਜ਼ਾ ਭੁਗਤ ਰਹੇ ਹਨ। ਉਹ ਡਰ ਨਾਲ ਰਹਿਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਅਧੀਨ, ਵਿਰੋਧੀ ਪਾਰਟੀਆਂ ਦੇ ਸਰਗਰਮ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਛੇ ਮਹੀਨਿਆਂ ਦੇ ਅੰਦਰ, ਤਿੰਨ ਸਰਗਰਮ ਕਾਂਗਰਸ ਬਲਾਕ ਪ੍ਰਧਾਨਾਂ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ ਹੈ। 3 ਸਤੰਬਰ, 2025 ਨੂੰ, ਤਰਨਤਾਰਨ ਜ਼ਿਲ੍ਹੇ ਦੇ ਪੱਟੀ ਬਲਾਕ ਦੇ ਪ੍ਰਧਾਨ ਗੁਰਮੇਲ ਸਿੰਘ ਟੁੱਟ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ 25 ਸਾਲਾਂ ਤੋਂ ਕਾਂਗਰਸ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਸਨ। ਸਿਰਫ਼ ਇੱਕ ਮਹੀਨੇ ਬਾਅਦ, ਮੋਗਾ ਬਲਾਕ ਪ੍ਰਧਾਨ ਬਲਜਿੰਦਰ ਸਿੰਘ ਡਾਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਕਾਂਗਰਸ ਪਾਰਟੀ ਵਿੱਚ ਵੀ ਬਹੁਤ ਸਰਗਰਮ ਸਨ। ਹਾਲ ਹੀ ਵਿੱਚ ਮਾਛੀਵਾੜਾ ਸਾਹਿਬ ਕਾਂਗਰਸ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦਾ ਕੁਹਾੜੀ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਉਹ ਵੀ ਕਾਂਗਰਸ ਪਾਰਟੀ ਲਈ ਦਿਨ-ਰਾਤ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਗਰਮ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਨਿਸ਼ਾਨਾ ਬਣਾਉਣਾ ਸਰਕਾਰ ਦੀ ਮਾੜੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰਦਾ ਹੈ। ਸੂਬੇ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ, ਜੋ ਚਿੰਤਾਜਨਕ ਬਣ ਗਈ ਹੈ, ਰਾਜਨੀਤਿਕ ਹਸਤੀਆਂ ਦੀ ਸੁਰੱਖਿਆ ਅਤੇ ਪ੍ਰਸ਼ਾਸਨ ਦੇ ਕੰਮਕਾਜ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਕਾਂਗਰਸੀ ਵਰਕਰ ਵਰਕਰ ਹੋਣ ਤੋਂ ਪਹਿਲਾਂ ਇਨਸਾਨ ਹਨ। ਪੰਜਾਬ ਵਿੱਚ ਨਿਸ਼ਾਨਾ ਬਣਾ ਕੇ ਕੀਤੀਆਂ ਜਾ ਰਹੀਆਂ ਹੱਤਿਆਵਾਂ ਕਾਂਗਰਸੀ ਆਗੂਆਂ ਦੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਲੋਕਤੰਤਰੀ ਸਮਾਜ ਵਿੱਚ ਡਰ ਅਤੇ ਹਿੰਸਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਧਾਲੀਵਾਲ ਨੇ ਸੂਬਾ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ ਅਤੇ ਕਾਰਵਾਈ ਕਰਨ ਦੀ ਅਪੀਲ ਕੀਤੀ।

# ਇਟਲੀ ਦੇ ਸ਼ਹਿਰ ਪਰਮਾ ਦੇ ਨੇੜੇ ਇੱਕ ਅਜਾਇਬ ਘਰ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ

## ਤਿੰਨ ਮਿੰਟਾਂ 'ਚ ਲੱਖਾਂ ਡਾਲਰ ਦੀਆਂ ਤਿੰਨ ਪੇਂਟਿੰਗਾਂ ਕੀਤੀਆਂ ਚੋਰੀ



ਪਰਮਾ: ਉੱਤਰੀ ਇਟਲੀ ਦੇ ਸ਼ਹਿਰ ਪਰਮਾ ਦੇ ਨੇੜੇ ਇੱਕ ਅਜਾਇਬ ਘਰ ਤੋਂ ਸਿਰਫ਼ ਤਿੰਨ ਮਿੰਟਾਂ ਵਿੱਚ ਲੱਖਾਂ ਡਾਲਰ ਦੀਆਂ ਤਿੰਨ ਪੇਂਟਿੰਗਾਂ ਚੋਰੀ ਹੋ ਗਈਆਂ। ਜ਼ਿਕਰਯੋਗ ਹੈ ਕਿ ਚੋਰੀ 22 - 23 ਮਾਰਚ ਦੀ ਦਰਮਿਆਨੀ ਰਾਤ ਨੂੰ ਇੱਕ ਅਜਾਇਬ ਘਰ ਮੈਗਨਾਨੀ ਰੋਕਾ ਫਾਊਂਡੇਸ਼ਨ ਵਿੱਚ ਹੋਈ। ਚੋਰੀ ਹੋਈਆਂ ਪੇਂਟਿੰਗਾਂ ਵਿੱਚ ਔਗਸਟੇ ਰੇਨੋਇਰ ਦੀ “ਫਿਸ਼”, ਪਾਲ ਸੇਜ਼ਾਨ ਦੀ “ਸਟਿਲ ਲਾਈਫ ਵਿਦ ਚੈਰੀਜ਼” ਅਤੇ ਹੈਨਰੀ ਮੈਟਿਸ ਦੀ “ਓਡਾਲਿਸਕ ਔਨ ਦ ਟੈਰੇਸ” ਸ਼ਾਮਲ ਹਨ।

ਸਥਾਨਕ ਮੀਡੀਆ ਦੇ ਅਨੁਸਾਰ ਚੋਰ ਤਿੰਨ ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਪੇਂਟਿੰਗਾਂ ਲੈ ਕੇ ਫਰਾਰ ਹੋ ਗਏ ਅਤੇ ਅਜਾਇਬ ਘਰ ਦੇ ਬਾਗ਼ ਵਿੱਚੋਂ ਭੱਜ ਗਏ। ਇਨ੍ਹਾਂ ਪੇਂਟਿੰਗਾਂ ਦੀ ਕੁੱਲ ਕੀਮਤ ਲਗਭਗ $10 ਮਿਲੀਅਨ (ਲਗਭਗ 90-95 ਕਰੋੜ) ਹੋਣ ਦਾ ਅਨੁਮਾਨ ਹੈ। 1977 ਵਿੱਚ ਸਥਾਪਿਤ ਇਸ ਫਾਊਂਡੇਸ਼ਨ ਵਿੱਚ ਕਲਾ ਇਤਿਹਾਸਕਾਰ ਲੁਈਗੀ ਮੈਗਨਾਨੀ ਦਾ ਸੰਗ੍ਰਹਿ ਹੈ। ਇਸ ਵਿੱਚ ਡੁਰਰ, ਰੂਬੇਨਜ਼, ਵੈਨ ਡਾਇਕ, ਗੋਆ ਅਤੇ ਮੋਨੇਟ ਵਰਗੇ ਪ੍ਰਮੁੱਖ ਕਲਾਕਾਰਾਂ ਦੀਆਂ ਰਚਨਾਵਾਂ ਵੀ ਹਨ। ਸਥਾਨਕ ਮੀਡੀਆ ਨੇ ਅਜਾਇਬ ਘਰ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਇਹ ਚੋਰੀ ਇੱਕ ਸੰਗਠਿਤ ਗਿਰੋਹ ਦੁਆਰਾ ਕੀਤੀ ਗਈ ਸੀ।

ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਚੋਰ ਹੋਰ ਵੀ ਮਾਸਟਰਪੀਸ ਲੈ ਜਾਂਦੇ, ਪਰ “ਸੁਰੱਖਿਆ ਪ੍ਰਣਾਲੀ ਦੇ ਸਰਗਰਮ ਹੋਣ” ਨੇ ਅਲਾਰਮ ਸ਼ੁਰੂ ਕਰ ਦਿੱਤਾ ਅਤੇ ਚੋਰ ਭੱਜ ਗਏ।

ਦੱਸ ਦੇਈਏ ਇਹ ਘਟਨਾ ਯੂਰਪ ਦੇ ਪ੍ਰਮੁੱਖ ਅਜਾਇਬ ਘਰਾਂ ਵਿੱਚ ਹਾਲ ਹੀ ਵਿੱਚ ਹੋਈਆਂ ਚੋਰੀਆਂ ਦੀ ਇੱਕ ਲੜੀ ਤੋਂ ਬਾਅਦ ਆਈ ਹੈ। ਚੋਰਾਂ ਨੇ ਪਹਿਲਾਂ ਪੈਰਿਸ ਦੇ ਲੂਵਰ ਮਿਊਜ਼ੀਅਮ ਤੋਂ ਲਗਭਗ $101 ਮਿਲੀਅਨ ਦੇ ਗਹਿਣੇ ਅਤੇ ਹੋਰ ਚੀਜ਼ਾਂ ਚੋਰੀ ਕੀਤੀਆਂ ਸਨ। ਇੱਕ ਵੱਖਰੀ ਘਟਨਾ ਵਿੱਚ, ਚੋਰਾਂ ਨੇ ਸਿਰਫ਼ ਅੱਠ ਮਿੰਟਾਂ ਵਿੱਚ 88 ਮਿਲੀਅਨ ਯੂਰੋ ਦੇ ਕਰਾਊਨ ਜਵੇਲਜ਼ ਚੋਰੀ ਕਰ ਲਏ। ਕੁਝ ਸ਼ੱਕੀਆਂ ਨੂੰ ਬਾਅਦ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਪਰ ਚੋਰੀ ਹੋਈਆਂ ਚੀਜ਼ਾਂ ਬਰਾਮਦ ਨਹੀਂ ਕੀਤੀਆਂ ਗਈਆਂ ਹਨ।

# ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਨੇ ਤਬਾਹ ਕੀਤੀਆਂ ਫ਼ਸਲਾਂ, ਕਿਸਾਨਾਂ ਅਤੇ ਖੇਤੀ ਪ੍ਰਤੀ ਗੰਭੀਰ ਨਹੀਂ ਮੁੱਖ ਮੰਤਰੀ ਮਾਨ: ਪਰਗਟ ਸਿੰਘ

ਚੰਡੀਗੜ੍ਹ: ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਕਣਕ ਦੀ ਵਾਢੀ ਤੋਂ ਠੀਕ ਪਹਿਲਾਂ ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਨੇ ਇੱਕ ਵਾਰ ਫਿਰ ਪੰਜਾਬ ਦੇ ਕਿਸਾਨਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਪੰਜਾਬ ਦੇ ਕਿਸਾਨ ਅਜੇ ਤੱਕ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਉਭਰ ਨਹੀਂ ਸਕੇ ਹਨ। ਹੁਣ, ਮੀਂਹ ਅਤੇ ਗੜੇਮਾਰੀ ਨੇ ਉਨ੍ਹਾਂ ਦੀਆਂ ਫਸਲਾਂ ਤਬਾਹ ਕਰ ਦਿੱਤੀਆਂ ਹਨ। ਸਰਕਾਰ ਮੰਡੀਆਂ ਵਿੱਚ ਕਣਕ ਦੀ ਦੇਖਭਾਲ ਅਤੇ ਖਰੀਦ ਪ੍ਰਤੀ ਵੀ ਗੰਭੀਰਤਾ ਨਹੀਂ ਦਿਖਾ ਰਹੀ ਹੈ। ਕਮਿਸ਼ਨ ਏਜੰਟ ਵੀ ਹੜਤਾਲ 'ਤੇ ਹਨ। ਕਿਸਾਨਾਂ ਨੂੰ ਹਰ ਪਾਸਿਓਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਿਸਾਨ ਪੱਖੀ ਹੋਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਵੀ ਉਨ੍ਹਾਂ ਪ੍ਰਤੀ ਦੁਸ਼ਮਣ ਬਣ ਗਈ ਹੈ। ਭਾਜਪਾ ਹਮੇਸ਼ਾ ਕਿਸਾਨਾਂ ਦੇ ਵਿਰੁੱਧ ਰਹੀ ਹੈ। ਹੁਣ, ਆਮ ਆਦਮੀ ਪਾਰਟੀ (ਆਪ) ਵੀ ਭਾਜਪਾ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਕਿਸਾਨਾਂ ਅਤੇ ਖੇਤੀਬਾੜੀ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਪੰਜਾਬ ਹਮੇਸ਼ਾ ਦੇਸ਼ ਦਾ ਅੰਨਦਾਤਾ ਰਿਹਾ ਹੈ, ਅਤੇ ਕਾਂਗਰਸ ਹਮੇਸ਼ਾ ਇਸਦੀ ਰੱਖਿਆ ਲਈ ਕਿਸਾਨਾਂ ਦੇ ਨਾਲ ਖੜ੍ਹੀ ਰਹੀ ਹੈ।

ਉਨ੍ਹਾਂ ਕਿਹਾ ਕਿ ਕੁਝ ਸਮੇਂ ਤੋਂ, 'ਆਪ' ਪੰਜਾਬ ਦੇ ਕਿਸਾਨਾਂ ਅਤੇ ਖੇਤੀਬਾੜੀ ਨੂੰ ਦੁਸ਼ਮਣਾਂ ਵਜੋਂ ਦੇਖਦੀ ਆ ਰਹੀ ਹੈ। ਹੜ੍ਹਾਂ ਦੌਰਾਨ ਵੀ, ਸਰਕਾਰ ਨੇ ਕਿਸਾਨਾਂ ਨੂੰ ਕੋਈ ਮਹੱਤਵਪੂਰਨ ਰਾਹਤ ਨਹੀਂ ਦਿੱਤੀ। ਨਾ ਤਾਂ ਇਸ ਨੇ ਉਨ੍ਹਾਂ ਦੇ ਨੁਕਸਾਨ ਲਈ ਮੁਆਵਜ਼ਾ ਐਲਾਨ ਕੀਤਾ, ਅਤੇ ਨਾ ਹੀ ਮੁਆਵਜ਼ਾ ਦਿੱਤਾ ਗਿਆ। ਹੁਣ, ਬਾਰਿਸ਼ ਤੋਂ ਪੀੜਤ ਕਿਸਾਨਾਂ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ ਹਨ। ਸਰਕਾਰ ਨੂੰ ਤੁਰੰਤ ਕਿਸਾਨਾਂ ਦੀ ਮਦਦ ਦਾ ਹੱਥ ਵਧਾਉਣਾ ਚਾਹੀਦਾ ਹੈ। ਇਸਨੂੰ ਉਨ੍ਹਾਂ ਦੀਆਂ ਫਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਦਾ ਐਲਾਨ ਕਰਨਾ ਚਾਹੀਦਾ ਹੈ, ਤਾਂ ਜੋ ਪੰਜਾਬ ਦੇ ਕਿਸਾਨ ਕੁਝ ਰਾਹਤ ਮਹਿਸੂਸ ਕਰ ਸਕਣ। ਪੰਜਾਬ ਵਿੱਚ ਖੇਤੀਬਾੜੀ ਅਤੇ ਕਿਸਾਨ ਕੁਝ ਸਮੇਂ ਤੋਂ ਭਿਆਨਕ ਸਥਿਤੀ ਵਿੱਚ ਹਨ। ਕੁਦਰਤੀ ਆਫ਼ਤਾਂ ਕਾਰਨ ਕਿਸਾਨ ਬਰਬਾਦੀ ਦੇ ਕੰਢੇ 'ਤੇ ਹਨ। ਇਹ ਕੁਦਰਤੀ ਆਫ਼ਤਾਂ, ਮੀਂਹ ਅਤੇ ਤੂਫ਼ਾਨ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਵਿਗਾੜ ਰਹੇ ਹਨ। ਪੰਜਾਬ ਦੇ ਕਿਸਾਨ ਸਿਰਫ਼ ਦੋ ਪ੍ਰਮੁੱਖ ਫਸਲਾਂ 'ਤੇ ਨਿਰਭਰ ਕਰਦੇ ਹਨ।

# ਸੈਕਰਾਮੈਂਟੋ ਵਿੱਚ ਹੋਲਾ ਮਹੱਲਾ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਧੂਮਧਾਮ ਨਾਲ ਸੰਪੰਨ




ਸੈਕਰਾਮੈਂਟੋ (ਦਲਜੀਤ ਢੰਡਾ): ਗੁਰਦੁਆਰਾ ਸਾਹਿਬ ਬ੍ਰੈਡਸ਼ਾਹ ਰੋਡ ਸੈਕਰਾਮੈਂਟੋ ਵੱਲੋਂ ਹੋਲਾ ਮਹੱਲਾ ਨੂੰ ਸਮਰਪਿਤ ਚੌਥਾ ਮਹਾਨ ਨਗਰ ਕੀਰਤਨ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋਇਆ। ਇਹ ਸਮਾਗਮਾ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕਰਕੇ ਗੁਰੂ ਘਰ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਪੰਜ ਪਿਆਰੇ ਚੱਲ ਰਹੇ ਸਨ ਅਤੇ ਇਸ ਨਗਰ ਕੀਰਤਨ ਨੇ ਸੜਕਾਂ ਨੂੰ ਆਧਿਆਤਮਿਕ ਰੰਗ ਵਿੱਚ ਰੰਗ ਦਿੱਤਾ। ਸੰਗਤ ਵੱਲੋਂ ਕੀਰਤਨ, ਨਾਮ ਸਿਮਰਨ ਅਤੇ ਨਿਸ਼ਕਾਮ ਸੇਵਾ ਦਾ ਵਿਲੱਖਣ ਦਰਸ਼ਨ ਹੋਇਆ। ਇਸ ਮੌਕੇ ‘ਤੇ ਦੇਸ਼-ਵਿਦੇਸ਼ ਤੋਂ ਪਹੁੰਚੇ ਪ੍ਰਸਿੱਧ ਰਾਗੀ ਜਥਿਆਂ ਅਤੇ ਪ੍ਰਚਾਰਕਾਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਨਿਹੰਗ ਸਿੰਘਾਂ ਵੱਲੋਂ ਗੱਤਕਾ ਪ੍ਰਦਰਸ਼ਨ ਵੀ ਕੀਤਾ ਗਿਆ, ਜਿਸ ਨੇ ਸਭ ਦਾ ਮਨ ਮੋਹ ਲਿਆ। ਸਮਾਗਮ ਵਿੱਚ ਸਥਾਨਕ ਪ੍ਰਸ਼ਾਸਨ ਅਤੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ। ਉਨ੍ਹਾਂ ਨੇ ਸਿੱਖ ਕੌਮ ਦੀ ਏਕਤਾ, ਸੇਵਾ ਅਤੇ ਭਾਈਚਾਰੇ ਦੀ ਭਾਵਨਾ ਦੀ ਸ਼ਲਾਘਾ ਕੀਤੀ। ਨਗਰ ਕੀਰਤਨ ਦੇ ਰਸਤੇ ਵਿੱਚ ਵੱਖ-ਵੱਖ ਥਾਵਾਂ ‘ਤੇ ਲੰਗਰ ਦੀ ਸੇਵਾ ਕੀਤੀ ਗਈ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਸਮੇਤ ਹਰ ਵਰਗ ਦੇ ਲੋਕਾਂ ਨੇ ਵੱਡੇ ਚਾਵ ਨਾਲ ਹਿੱਸਾ ਲਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਫਲ ਆਯੋਜਨ ਲਈ ਸੰਗਤ ਦਾ ਧੰਨਵਾਦ ਕੀਤਾ ਅਤੇ ਸੇਵਾਦਾਰਾਂ ਦੇ ਯੋਗਦਾਨ ਦੀ ਸਰਾਹਨਾ ਕੀਤੀ। ਸਮਾਗਮ ਦੌਰਾਨ ਭਾਈਚਾਰੇ, ਸੇਵਾ ਅਤੇ ਸਾਂਝੇਪਣ ਦੀ ਭਾਵਨਾ ਸਪੱਸ਼ਟ ਤੌਰ ‘ਤੇ ਵੇਖਣ ਨੂੰ ਮਿਲੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr.
Brampton
Indian Food Land
45 Dusk Drive,
Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

# ਅਮਰੀਕਾ-ਈਰਾਨ ਯੁੱਧ ਦੇ ਵਿਚਕਾਰ ਟਰੰਪ ਨੇ ਲਿਆ ਵੱਡਾ ਫ਼ੈਸਲਾ

## ਊਰਜਾ ਸਹੂਲਤਾਂ ‘ਤੇ ਹਮਲਿਆਂ ਦੀ ਸਮਾਂ ਸੀਮਾ 6 ਅਪ੍ਰੈਲ ਤੱਕ ਵਧਾਈ



ਅਮਰੀਕਾ ਅਤੇ ਈਰਾਨ ਵਿਚ ਚੱਲ ਰਹੇ ਤਣਾਅ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨੀ ਊਰਜਾ ਸਹੂਲਤਾਂ ‘ਤੇ ਹਮਲੇ ਦੀ ਸਮਾਂ ਸੀਮਾ 6 ਅਪ੍ਰੈਲ, 2026 ਤੱਕ ਵਧਾ ਦਿੱਤੀ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਚੱਲ ਰਹੀ ਹੈ ਅਤੇ ਮਾਹੌਲ ਬਹੁਤ ਸੰਵੇਦਨਸ਼ੀਲ ਬਣਿਆ ਹੋਇਆ ਹੈ। ਅਮਰੀਕੀ ਰਾਸ਼ਟਰਪਤੀ ਨੇ ਸਪੱਸ਼ਟ ਤੌਰ ‘ਤੇ ਕਿਹਾ ਕਿ ਇਹ ਫੈਸਲਾ ਈਰਾਨ ਦੀ ਬੇਨਤੀ ‘ਤੇ ਲਿਆ ਗਿਆ ਸੀ ਅਤੇ ਗੱਲਬਾਤ ਬਹੁਤ ਵਧੀਆ ਢੰਗ ਨਾਲ ਅੱਗੇ ਵਧ ਰਹੀ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਤੇ ਲਿਖਿਆ ਕਿ ਨਕਾਰਾਤਮਕ ਮੀਡੀਆ ਰਿਪੋਰਟਾਂ ਝੂਠੀਆਂ ਹਨ ਅਤੇ ਗੱਲਬਾਤ ਅਸਲ ਵਿੱਚ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਈਰਾਨ ਨੂੰ ਤੇਲ ਟੈਂਕਰਾਂ ਲਈ ਹੋਰਮੁਜ਼ ਜਲਡਮਰੂ ਖੋਲ੍ਹਣ ਲਈ 48 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ, ਨਹੀਂ ਤਾਂ ਗੰਭੀਰ ਹਮਲੇ ਹੋਣਗੇ। ਪਰ ਹੁਣ ਇਸ ਸਮਾਂ ਸੀਮਾ ਨੂੰ ਦੋ ਵਾਰ ਵਧਾਇਆ ਗਿਆ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਮਰੀਕਾ ਫੌਜੀ ਕਾਰਵਾਈ ਕਰਨ ਤੋਂ ਪਹਿਲਾਂ ਗੱਲਬਾਤ ਦਾ ਮੌਕਾ ਦੇਣਾ ਚਾਹੁੰਦਾ ਹੈ।

ਦੂਜੇ ਪਾਸੇ ਈਰਾਨ ਨੇ ਵੀ ਗੱਲਬਾਤ ਲਈ ਆਪਣੀਆਂ ਸ਼ਰਤਾਂ ਰੱਖੀਆਂ ਹਨ। ਉਸਨੇ ਅਮਰੀਕਾ ਅਤੇ ਇਜ਼ਰਾਈਲ ਨੂੰ ਪਹਿਲਾਂ ਉਸ ਅਤੇ ਉਸਦੇ ਸਹਿਯੋਗੀਆਂ ‘ਤੇ ਹਮਲੇ ਬੰਦ ਕਰਨ ਲਈ ਕਿਹਾ ਹੈ। ਈਰਾਨ ਨੇ ਜੰਗੀ ਨੁਕਸਾਨ ਲਈ ਮੁਆਵਜ਼ਾ ਅਤੇ ਹੋਰਮੁਜ਼ ਜਲਡਮਰੂ ਉੱਤੇ ਆਪਣੀ ਪ੍ਰਭੂਸੱਤਾ ਨੂੰ ਮਾਨਤਾ ਦੇਣ ਦੀ ਵੀ ਮੰਗ ਕੀਤੀ ਹੈ। ਇਹ ਸ਼ਰਤਾਂ ਕਾਫ਼ੀ ਸਖ਼ਤ ਮੰਨੀਆਂ ਜਾਂਦੀਆਂ ਹਨ ਅਤੇ ਅਮਰੀਕੀ ਪ੍ਰਸਤਾਵ ਤੋਂ ਕਿਤੇ ਪਰੇ ਹਨ। ਇਸ ਦੌਰਾਨ, ਅਮਰੀਕੀ ਰਾਜਦੂਤ ਸਟੀਵ ਵਿਟਕੌਫ ਨੇ ਕਿਹਾ ਕਿ ਈਰਾਨ ਨਾਲ ਗੱਲਬਾਤ ਲਈ 15-ਨੁਕਾਤੀ ਯੋਜਨਾ ਪਾਕਿਸਤਾਨ ਰਾਹੀਂ ਭੇਜੀ ਗਈ ਹੈ ਅਤੇ ਕੁਝ ਸਕਾਰਾਤਮਕ ਸੰਕੇਤ ਉੱਭਰ ਰਹੇ ਹਨ। ਹਾਲਾਂਕਿ, ਦੋਵਾਂ ਧਿਰਾਂ ਵਿਚਕਾਰ ਵਿਸ਼ਵਾਸ ਦੀ ਸਪੱਸ਼ਟ ਘਾਟ ਬਣੀ ਹੋਈ ਹੈ। ਇੱਕ ਪਾਸੇ ਟਰੰਪ ਨੇ ਗੱਲਬਾਤ ਦੀ ਵਕਾਲਤ ਕੀਤੀ, ਉੱਥੇ ਹੀ ਦੂਜੇ ਪਾਸੇ ਉਨ੍ਹਾਂ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਈਰਾਨ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਇਸ ਤੋਂ ਇਲਾਵਾ, ਉਸਨੇ ਇਹ ਵੀ ਸੁਝਾਅ ਦਿੱਤਾ ਕਿ ਅਮਰੀਕਾ ਈਰਾਨ ਦੇ ਤੇਲ ਸਰੋਤਾਂ ‘ਤੇ ਕਬਜ਼ਾ ਕਰ ਸਕਦਾ ਹੈ, ਜਿਵੇਂ ਕਿ ਇਸਨੇ ਪਹਿਲਾਂ ਵੈਨੇਜ਼ੁਏਲਾ ਵਿੱਚ ਕੀਤਾ ਸੀ। ਇਹ ਸਪੱਸ਼ਟ ਤੌਰ ‘ਤੇ ਦਰਸਾਉਂਦਾ ਹੈ ਕਿ ਅਮਰੀਕਾ ਇੱਕੋ ਸਮੇਂ ਦਬਾਅ ਦੀ ਰਣਨੀਤੀ ਅਪਣਾ ਰਿਹਾ ਹੈ।

ਇਸ ਦੌਰਾਨ, ਇਜ਼ਰਾਈਲ ਦੇ ਅੰਦਰ ਯੁੱਧ ਬਾਰੇ ਚਿੰਤਾਵਾਂ ਵਧ ਰਹੀਆਂ ਹਨ। ਵਿਰੋਧੀ ਧਿਰ ਦੇ ਨੇਤਾ ਯਾਇਰ ਲੈਪਿਡ ਨੇ ਸਰਕਾਰ ‘ਤੇ ਫੌਜ ‘ਤੇ ਜ਼ਿਆਦਾ ਦਬਾਅ ਪਾਉਣ ਅਤੇ ਬਿਨਾਂ ਕਿਸੇ ਢੁਕਵੀਂ ਰਣਨੀਤੀ ਦੇ ਕਈ ਮੋਰਚਿਆਂ ‘ਤੇ ਲੜਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਫੌਜ ਕੋਲ ਲੋੜੀਂਦੀ ਫੌਜ ਨਹੀਂ ਹੈ ਅਤੇ ਸਥਿਤੀ ਖਤਰਨਾਕ ਹੋ ਸਕਦੀ ਹੈ।

# ਅਮਰੀਕਾ 'ਚੋਂ 11 ਪੰਜਾਬੀ ਟਰੱਕ ਡਰਾਈਵਰਾਂ ਨੂੰ ਕੀਤਾ ਜਾਵੇਗਾ ਡਿਪੋਰਟ !

### * ਬਾਰਡਰ ਪੈਟਰੋਲ ਏਜੰਟਾਂ ਨੇ ਕੀਤੇ ਗ੍ਰਿਫ਼ਤਾਰ
### * ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਹੋਏ ਸਨ ਦਾਖ਼ਲ




ਫ਼ਿਨਿਕਸ : ਟਰੰਪ ਸਰਕਾਰ ਨੇ 11 ਪੰਜਾਬੀ ਟਰੱਕ ਡਰਾਈਵਰਾਂ ਨੂੰ ਗ੍ਰਿਫ਼ਤਾਰ ਕਰਦਿਆਂ ਡਿਪੋਰਟ ਕਰਨ ਦੀ ਕਾਰਵਾਈ ਆਰੰਭ ਦਿਤੀ ਹੈ। ਜੀ ਹਾਂ, ਕੈਲੇਫੋਰਨੀਆ, ਨਿਊ ਯਾਰਕ, ਪੈਨਸਿਲਵੇਨੀਆ ਅਤੇ ਇੰਡਿਆਨਾ ਸੂਬਿਆਂ ਤੋਂ ਜਾਰੀ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਵਾਲੇ ਪੰਜਾਬੀ ਡਰਾਈਵਰਾਂ ਨੂੰ ਮੈਕਸੀਕੋ ਦੇ ਨਾਲ ਲਗਦੇ ਯੂਮਾ ਸੈਕਟਰ ਤੋਂ ਕਾਬੂ ਕੀਤਾ ਗਿਆ ਅਤੇ ਇਹ ਸਾਰੇ ਵੱਖ-ਵੱਖ ਸਮੇਂ ’ਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖ਼ਲ ਹੋਏ। ਕਸਟਮਜ਼ ਅਤੇ ਬਾਰਡਰ ਪੈਟਰੋਲ ਵਾਲਿਆਂ ਦੇ ਯੂਮਾ ਸੈਕਟਰ ਵਿਚ ਐਰੀਜ਼ੋਨਾ ਦਾ ਪੱਛਮੀ ਹਿੱਸਾ ਅਤੇ ਕੈਲੇਫੋਰਨੀਆ ਦਾ ਪੂਰਬੀ ਹਿੱਸਾ ਆਉਂਦਾ ਜਿਥੋਂ ਟਰੱਕ ਲੈ ਕੇ ਲੰਘਦਿਆਂ ਮਨਪ੍ਰੀਤ ਸਿੰਘ ਅਤੇ ਹੋਰਨਾਂ ਨੂੰ ਬਾਰਡਰ ਪੈਟਰੋਲ ਏਜੰਟਾਂ ਨੇ ਘੇਰ ਲਿਆ। ਦੱਸ ਦੇਈਏ ਕਿ ਹਰਜਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਦੇ ਡਰਾਈਵਿੰਗ ਦੌਰਾਨ ਵਾਪਰੇ ਹੌਲਨਾਕ ਹਾਦਸਿਆਂ ਮਗਰੋਂ ਭਾਰਤੀ ਡਰਾਈਵਰ ਟਰੰਪ ਸਰਕਾਰ ਦੇ ਨਿਸ਼ਾਨੇ ’ਤੇ ਹਨ। ਕੈਲੇਫੋਰਨੀਆ ਵਿਚ 17 ਹਜ਼ਾਰ ਤੋਂ ਵੱਧ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਕੀਤੇ ਗਏ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀ ਡਰਾਈਵਰਾਂ ਦੀ ਰਹੀ। ਇਸ ਤੋਂ ਇਲਾਵਾ ਅੰਗਰੇਜ਼ੀ ਵਿਚ ਮੁਹਾਰਤ ਨਾ ਹੋਣ ਕਰ ਕੇ ਵੀ ਵੱਡੀ ਗਿਣਤੀ ਵਿਚ ਪੰਜਾਬੀਆਂ ਟਰੱਕ ਡਰਾਈਵਿੰਗ ਦਾ ਕਿੱਤਾ ਛੱਡਣਾ ਪਿਆ।

ਦੂਜੇ ਪਾਸੇ ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫ਼ੋਰਸਮੈਂਟ ਵਾਲਿਆਂ ਦੇ ਮਿਆਮੀ ਫ਼ੀਲਡ ਦਫ਼ਤਰ ਨੂੰ ਸਭ ਤੋਂ ਗੈਰਕਾਨੂੰਨੀ ਪ੍ਰਵਾਸੀ ਕਾਬੂ ਕਰਨ ’ਤੇ ਸ਼ਾਬਾਸ਼ੀ ਮਿਲ ਰਹੀ ਹੈ। ਫਲੋਰੀਡਾ ਸੂਬੇ ਵਿਚ ਪੈਂਦਾ ਇਹ ਇਕੱਲਾ ਫ਼ੀਲਡ ਦਫ਼ਤਰ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ 41 ਹਜ਼ਾਰ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰ ਚੁੱਕਾ ਹੈ ਅਤੇ ਇਹ ਅੰਕੜਾ ਪੂਰੇ ਅਮਰੀਕਾ ਵਿਚ ਵੱਧ ਬਣਦਾ ਹੈ। ਦੂਜਾ ਨੰਬਰ ਟੈਕਸਸ ਸੂਬੇ ਦੇ ਡੈਲਸ ਫ਼ੀਲਡ ਦਫ਼ਤਰ ਨੂੰ ਮਿਲਿਆ ਹੈ ਜਿਸ ਦੇ ਅਫ਼ਸਰਾਂ ਨੇ 30 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ ਕਾਬੂ ਕੀਤੇ। ਨਿਊ ਓਰਲੀਨਜ਼ ਦੇ ਫ਼ੀਲਡ ਦਫ਼ਤਰ ਵੱਲੋਂ 29 ਹਜ਼ਾਰ ਅਤੇ ਹਿਊਸਟਨ ਦੇ ਆਈਸ ਏਜੰਟਾਂ ਵੱਲੋਂ 27 ਹਜ਼ਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ। ਮਿਨੇਸੋਟਾ ਦਾ ਮਿਨੀਆਪੌਲਿਸ ਪਹਿਲੇ 10 ਵਿਚ ਨਹੀਂ ਆਉਂਦਾ ਪਰ 2 ਅਮੈਰਿਕਨ ਨਾਗਰਿਕਾਂ ਦੀ ਗੋਲੀਆਂ ਲੱਗਣ ਕਾਰਨ ਮੌਤ ਹੋਣ ਕਰ ਕੇ ਇਥੋਂ ਦੇ ਇੰਮੀਗ੍ਰੇਸ਼ਨ ਛਾਪਿਆਂ ਨੇ ਪੂਰੇ ਮੁਲਕ ਦਾ ਧਿਆਨ ਖਿੱਚਿਆ। ਮਿਨੇਸੋਟਾ ਦੇ ਫ਼ੀਲਡ ਦਫ਼ਤਰ ਵੱਲੋਂ ਸਿਰਫ਼ ਪੰਜ ਹਜ਼ਾਰ ਗ੍ਰਿਫ਼ਤਾਰੀਆਂ ਕੀਤੇ ਜਾਣ ਦੀ ਰਿਪੋਰਟ ਹੈ। ਮਿਆਮੀ ਦੀ ਫ਼ੀਲਡ ਦਫ਼ਤਰ ਵੱਲੋਂ ਰੋਜ਼ਾਨਾ ਔਸਤਨ 120 ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ।

ਫਲੋਰੀਡਾ ਦੇ ਗਵਰਨਰ ਰੌਨ ਡਿਸੈਂਟਿਸ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਅਪ੍ਰੇਸ਼ਨ ਟਾਇਡਲ ਵੇਵ ਆਰੰਭਿਆ ਗਿਆ ਜਿਸ ਤਹਿਤ ਸੂਬਾ ਪੁਲਿਸ ਦੇ ਮੁਲਾਜ਼ਮ ਆਈਸ ਦੀ ਮਦਦ ਵਾਸਤੇ ਭੇਜੇ ਗਏ। ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਕਹਿੰਦੀ ਹੈ ਕਿ ਫ਼ਲੋਰੀਡਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦਾ ਬਹੁਤ ਰੌਲਾ ਨਹੀਂ ਪੈ ਰਿਹਾ ਪਰ ਗ੍ਰਿਫ਼ਤਾਰ ਕੀਤੇ ਜਾ ਰਹੇ ਪ੍ਰਵਾਸੀਆਂ ਦੀ ਗਿਣਤੀ ਮੌਜੂਦਾ ਵਰ੍ਹੇ ਦੌਰਾਨ ਵੀ ਸਭ ਤੋਂ ਵੱਧ ਹੋ ਸਕਦੀ ਹੈ ਕਿਉਂਕਿ ਇੰਮੀਗ੍ਰੇਸ਼ਨ ਵਾਲੇ ਚੁੱਪ ਚਪੀਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ ਕੇ ਡਿਟੈਨਸ਼ਨ ਸੈਂਟਰਾਂ ਵੱਲ ਭੇਜ ਰਹੇ ਹਨ।

# ਮੱਧ ਪ੍ਰਦੇਸ਼ CM ਦੇ ਸਮਾਗਮ ਤੋਂ ਵਾਪਸ ਆ ਰਹੀ ਬੱਸ ਪਲਟੀ, 10 ਲੋਕਾਂ ਦੀ ਹੋਈ ਮੌਤ

### ਪਿਕਅੱਪ ਟਰੱਕ ਨਾਲ ਟਕਰਾਉਣ ਕਾਰਨ ਵਾਪਰਿਆ ਹਾਦਸਾ, 30 ਤੋਂ ਵੱਧ ਲੋਕ ਹੋਏ ਜ਼ਖ਼ਮੀ



ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਵਿੱਚ ਪਿਕਅੱਪ ਟਰੱਕ ਨਾਲ ਟਕਰਾਉਣ ਤੋਂ ਬਾਅਦ ਇੱਕ ਬੱਸ ਪਲਟ ਗਈ। ਇਸ ਹਾਦਸੇ ਵਿੱਚ ਦੋਵਾਂ ਵਾਹਨਾਂ ਦੇ ਡਰਾਈਵਰਾਂ ਸਮੇਤ ਦਸ ਲੋਕਾਂ ਦੀ ਮੌਤ ਹੋ ਗਈ। ਜਦਕਿ 30 ਤੋਂ ਵੱਧ ਜ਼ਖ਼ਮੀ ਹੋ ਗਏ। ਇੱਕ ਔਰਤ ਅਤੇ ਇੱਕ ਬੱਚੇ ਦੇ ਹੱਥ ਟੁੱਟ ਗਏ। ਕੁਝ ਯਾਤਰੀਆਂ ਦੇ ਸਿਰ ਵਿੱਚ ਸੱਟਾਂ ਲੱਗੀਆਂ। ਇਹ ਹਾਦਸਾ ਵੀਰਵਾਰ ਸ਼ਾਮ 6:30 ਵਜੇ ਦੇ ਕਰੀਬ ਸਿਮਰੀਆ ਨੇੜੇ ਵਾਪਰਿਆ। MP28 P 0321 ਨੰਬਰ ਵਾਲੀ ਬੱਸ ਵਿੱਚ 47 ਲੋਕ ਸਵਾਰ ਸਨ। ਇਹ ਛਿੰਦਵਾੜਾ ਦੇ ਪੁਲਿਸ ਲਾਈਨਜ਼ ਵਿਖੇ ਆਯੋਜਿਤ ਇੱਕ ਲਾਭਪਾਤਰੀ ਸੰਮੇਲਨ ਤੋਂ ਵਾਪਸ ਆ ਰਹੀ ਸੀ। ਮੁੱਖ ਮੰਤਰੀ ਡਾ. ਮੋਹਨ ਯਾਦਵ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ ਸਨ।

ਮੁੱਖ ਮੰਤਰੀ ਨੇ ਹਾਦਸੇ 'ਤੇ ਦੁੱਖ ਜਤਾਇਆ ਤੇ ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਛਿੰਦਵਾੜਾ ਜ਼ਿਲ੍ਹਾ ਹਸਪਤਾਲ ਦੇ ਡੀਨ ਅਭੈ ਸਿਨਹਾ ਨੇ ਕਿਹਾ, "ਮ੍ਰਿਤਕਾਂ ਵਿੱਚ ਛੇ ਪੁਰਸ਼, ਤਿੰਨ ਔਰਤਾਂ ਅਤੇ ਇੱਕ ਬੱਚਾ ਸ਼ਾਮਲ ਹੈ। ਇੱਕ ਜ਼ਖ਼ਮੀ ਵਿਅਕਤੀ ਦੀ ਹਾਲਤ ਗੰਭੀਰ ਹੈ ਅਤੇ ਉਸ ਨੂੰ ਨਾਗਪੁਰ ਮੈਡੀਕਲ ਕਾਲਜ ਰੈਫਰ ਕੀਤਾ ਗਿਆ ਹੈ। ਉਸ ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਹਨ। ਬਾਕੀ ਜ਼ਖ਼ਮੀਆਂ ਦਾ ਇੱਥੇ ਇਲਾਜ ਕੀਤਾ ਜਾ ਰਿਹਾ ਹੈ।" ਮ੍ਰਿਤਕਾਂ ਦੀ ਪਛਾਣ ਭਗਵਤੀ (45), ਦੌਲਤ (40), ਸ਼ਕੁਨ ਯਾਦਵ (45), ਰਾਮਦਾਸ (40), ਰਮੇਸ਼ (35), ਸੀਆ ਬਾਈ (40) ਵੰਸ਼ (7), ਬੱਸ ਡਰਾਈਵਰ ਕਮਲ (54), ਪਿਕਅੱਪ ਡਰਾਈਵਰ ਰਵੀ ਧਰੇ (40) ਤੇ ਹੋਰ ਵਜੋਂ ਹੋਈ ਹੈ।

# ਈਰਾਨ ਵਿੱਚ ਜੰਗ ਦੌਰਾਨ ਭਾਰਤ 'ਚ ਤਾਲਾਬੰਦੀ ਦੇ ਡਰ ਸਿਰਫ਼ ਅਫਵਾਹਾਂ ਹਨ: ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ



ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸ਼ੁੱਕਰਵਾਰ ਨੂੰ ਸਪੱਸ਼ਟ ਕੀਤਾ ਕਿ ਦੇਸ਼ ਵਿਆਪੀ ਤਾਲਾਬੰਦੀ ਦੀਆਂ ਅਫਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ। ਸਰਕਾਰ ਇਸ ਵੇਲੇ ਅਜਿਹੇ ਕਿਸੇ ਪ੍ਰਸਤਾਵ ‘ਤੇ ਵਿਚਾਰ ਨਹੀਂ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੈਟਰੋਲੀਅਮ ਅਤੇ ਐਲਪੀਜੀ ਸਪਲਾਈ ਦੀ ਸਥਿਤੀ ਕਾਬੂ ਵਿੱਚ ਹੈ। ਦੇਸ਼ ਵਿੱਚ ਕਿਤੇ ਵੀ ਪੈਟਰੋਲ, ਡੀਜ਼ਲ ਜਾਂ ਐਲਪੀਜੀ ਦੀ ਕੋਈ ਕਮੀ ਨਹੀਂ ਹੈ। ਪ੍ਰਚੂਨ ਸਟੋਰਾਂ ਕੋਲ ਲੋੜੀਂਦਾ ਸਟਾਕ ਹੈ ਅਤੇ ਉਹ ਬਿਨਾਂ ਕਿਸੇ ਰੁਕਾਵਟ ਦੇ ਬਾਲਣ ਵੰਡ ਰਹੇ ਹਨ।

ਪੁਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਕਿਹਾ ਵਿਸ਼ਵਵਿਆਪੀ ਸਥਿਤੀ ਲਗਾਤਾਰ ਵਿਕਸਤ ਹੋ ਰਹੀ ਹੈ ਅਤੇ ਅਸੀਂ ਊਰਜਾ, ਸਪਲਾਈ ਚੇਨਾਂ ਅਤੇ ਜ਼ਰੂਰੀ ਵਸਤੂਆਂ ਨਾਲ ਸਬੰਧਿਤ ਵਿਕਾਸ ‘ਤੇ ਅਸਲ-ਸਮੇਂ ਦੇ ਆਧਾਰ ‘ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ। ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਸਾਡੇ ਨਾਗਰਿਕਾਂ ਨੂੰ ਬਾਲਣ, ਊਰਜਾ ਅਤੇ ਹੋਰ ਜ਼ਰੂਰੀ ਸਪਲਾਈ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਅਸੀਂ ਉੱਭਰ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਾਂ। ਉਨ੍ਹਾਂ ਅੱਗੇ ਕਿਹਾ, ਭਾਰਤ ਵਿੱਚ ਤਾਲਾਬੰਦੀ ਦੀਆਂ ਅਫਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ। ਮੈਂ ਸਪੱਸ਼ਟ ਤੌਰ ‘ਤੇ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਵੱਲੋਂ ਅਜਿਹਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ। ਅਜਿਹੇ ਸਮੇਂ ਵਿੱਚ, ਇਹ ਮਹੱਤਵਪੂਰਨ ਹੈ ਕਿ ਅਸੀਂ ਸ਼ਾਂਤ, ਜ਼ਿੰਮੇਵਾਰ ਅਤੇ ਇੱਕਜੁੱਟ ਰਹੀਏ। ਅਜਿਹੀ ਸਥਿਤੀ ਵਿੱਚ, ਅਫਵਾਹਾਂ ਫੈਲਾਉਣਾ ਅਤੇ ਦਹਿਸ਼ਤ ਪੈਦਾ ਕਰਨਾ ਗੈਰ-ਜ਼ਿੰਮੇਵਾਰਾਨਾ ਅਤੇ ਨੁਕਸਾਨਦੇਹ ਹੈ। ਪੁਰੀ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਵਿਸ਼ਵ ਪੱਧਰ ‘ਤੇ ਤੇਲ ਅਤੇ ਗੈਸ ਦੀ ਕਮੀ ਨੇ ਭਾਰਤ ਵਿੱਚ ਸੰਭਾਵਿਤ ਤਾਲਾਬੰਦੀ ਦੀਆਂ ਅਟਕਲਾਂ ਨੂੰ ਜਨਮ ਦਿੱਤਾ ਹੈ, ਨਾਲ ਹੀ ਤਰਲ ਪੈਟਰੋਲੀਅਮ ਗੈਸ (ਐਲਪੀਜੀ) ਸਪਲਾਈ ਦੀ ਸਥਿਤੀ ‘ਤੇ ਵੀ ਚਿੰਤਾਵਾਂ ਉਭਰ ਰਹੀਆਂ ਹਨ, ਜਿਸ ਨੂੰ ‘ਚਿੰਤਾਜਨਕ’ ਦੱਸਿਆ ਗਿਆ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ, ਭਾਰਤ ਸਰਕਾਰ ਨੇ ਦੇਸ਼ ਵਿਆਪੀ ਤਾਲਾਬੰਦੀ ਦੀਆਂ ਅਟਕਲਾਂ ਨੂੰ ਖਾਰਜ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਜਨਤਕ ਆਵਾਜਾਈ ਜਾਂ ਆਰਥਿਕ ਗਤੀਵਿਧੀਆਂ ‘ਤੇ ਪਾਬੰਦੀਆਂ ਲਗਾਉਣ ਦੀ ਕੋਈ ਯੋਜਨਾ ਨਹੀਂ ਹੈ।

# ਪਿੰਡ ਪੰਜਗਰਾਈ 'ਚ ਵਾਪਰੇ ਹਾਦਸੇ 'ਚ ਭੈਣ-ਭਰਾ ਦੀ ਮੌਤ

ਫਰੀਦਕੋਟ ਜ਼ਿਲ੍ਹੇ ਦੇ ਪਿੰਡ ਪੰਜਗਰਾਈ ਵਿਖੇ ਇਕ ਦਰਦਨਾਕ ਹਾਦਸਾ ਵਾਪਰਿਆ। ਇਸ ਹਾਦਸੇ ਵਿਚ ਭੈਣ ਭਰਾ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਮੰਗਲਵਾਰ ਤੜਕਸਾਰ ਐਕਟਿਵਾ ਸੜਕ 'ਤੇ ਖੜ੍ਹੀ ਟਰੈਕਟਰ-ਟਰਾਲੀ ਨਾਲ ਟਕਰਾ ਗਈ। ਹਾਦਸੇ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਹੈ।

ਮ੍ਰਿਤਕਾਂ ਦੀ ਪਛਾਣ ਪੰਜਗਰਾਈ ਵਾਸੀ ਬੋਹੜ ਸਿੰਘ ਅਤੇ ਉਸ ਦੀ ਭੈਣ ਅਮਨਦੀਪ ਕੌਰ ਵਜੋਂ ਹੋਈ ਹੈ। ਬੋਹੜ ਸਿੰਘ ਦੀ ਥਾਏਂ ਮੌਤ ਹੋ ਗਈ ਜਦੋਂ ਕਿ ਅਮਨਦੀਪ ਕੌਰ ਨੇ ਹਸਪਤਾਲ ਪਹੁੰਚ ਕੇ ਦਮ ਤੋੜ ਦਿੱਤਾ। ਪੰਜਗਰਾਈ ਚੌਕੀ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਵਾਰਸਾਂ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰ ਰਹੀ ਸੀ।

ਪੰਜਗਰਾਈ ਚੌਂਕੀ ਦੇ ਇੰਚਾਰਜ' ਏ ਐੱਸ ਆਈ ਗੁਰਜੰਟ ਸਿੰਘ ਨੇ ਦੱਸਿਆ ਕਿ ਦੋਵੇਂ ਭੈਣ ਭਰਾ ਐਕਟਿਵਾ 'ਤੇ ਕੋਟਕਪੂਰਾ ਨੂੰ ਕਿਸੇ ਕੰਮ ਜਾ ਰਹੇ ਸਨ। ਪੰਜਗਰਾਈ ਤੋਂ ਥੋੜ੍ਹੀ ਦੂਰ ਹੀ ਗਏ ਸਨ ਕਿ ਉਨ੍ਹਾਂ ਦੀ ਐਕਟਿਵਾ ਸੜਕ 'ਤੇ ਖੜ੍ਹੇ ਟਰੈਕਟਰ ਟਰਾਲੀ ਨਾਲ ਟਕਰਾ ਗਈ। ਬੋਹੜ ਸਿੰਘ 3 ਭੈਣਾ ਦਾ ਇਕਲੌਤਾ ਭਰਾ ਸੀ ਅਤੇ ਉਸ ਦੇ ਪਿਤਾ ਦੀ ਵੀ ਕੁਝ ਸਮਾਂ ਪਹਿਲਾਂ ਹੀ ਮੌਤ ਹੋਈ ਹੈ ਜਦੋਂ ਕਿ ਅਮਨਦੀਪ ਕੌਰ ਦੇ 10 ਅਤੇ 7 ਸਾਲ ਦੇ ਦੋ ਬੱਚੇ ਹਨ।

# ਬਾਲੇਨ ਸ਼ਾਹ ਬਣੇ ਨੇਪਾਲ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ



ਕਾਠਮਾਂਡੂ : ਨੇਪਾਲ ਵਿੱਚ ਬਾਲੇਨ ਯੁੱਗ ਦੀ ਸ਼ੁਰੂਆਤ ਹੋ ਗਈ ਹੈ। 35 ਸਾਲਾਂ ਦੇ ਬਾਲੇਂਦਰ ਸ਼ਾਹ ਉਰਫ਼ ਬਾਲੇਨ ਨੇਪਾਲ ਦੇ 47ਵੇਂ ਪ੍ਰਧਾਨ ਮੰਤਰੀ ਬਣ ਗਏ ਹਨ, ਉਨ੍ਹਾਂ ਨੇ ਅੱਜ ਪੀ.ਐਮ ਅਹੁਦੇ ਦੀ ਸਹੁੰ ਚੁੱਕ ਲਈ ਹੈ। ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਸੰਵਿਧਾਨ ਦੇ ਨਿਯਮਾਂ ਤਹਿਤ ਬਾਲੇਨ ਨੂੰ ਨੇਪਾਲ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। ਰਾਸ਼ਟਰਪਤੀ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਨੇਪਾਲ ਦੇ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਸ਼ੁੱਕਰਵਾਰ ਨੂੰ ਕਾਠਮਾਂਡੂ ਮੈਟਰੋਪੋਲੀਟਨ ਸਿਟੀ ਦੇ ਸਾਬਕਾ ਮੇਅਰ ਬਾਲੇਨ ਸ਼ਾਹ ਨੂੰ ਸੰਵਿਧਾਨ ਦੀ ਧਾਰਾ 76(1) ਤਹਿਤ ਇਸ ਅਹੁਦੇ ‘ਤੇ ਨਿਯੁਕਤ ਕੀਤਾ ਹੈ। ਸਹੁੰ ਚੁੱਕ ਸਮਾਗਮ ਰਾਸ਼ਟਰਪਤੀ ਭਵਨ ‘ਸ਼ੀਤਲ ਨਿਵਾਸ’ ਵਿੱਚ ਹੋਇਆ। ਬਾਲੇਨ ਦੇ ਨਾਲ ਉਨ੍ਹਾਂ ਦੇ ਮੰਤਰੀ ਮੰਡਲ ਦਾ ਵੀ ਸਹੁੰ ਚੁੱਕ ਸਮਾਗਮ ਹੋਇਆ। ਇਹ ਸਹੁੰ ਚੁੱਕ ਸਮਾਗਮ ਕਾਫੀ ਖ਼ਾਸ ਰਿਹਾ।

ਦੱਸ ਦਈਏ ਕਿ 35 ਸਾਲ ਦੇ ਬਾਲੇਨ ਦੇਸ਼ ਦੇ ਸਭ ਤੋਂ ਘੱਟ ਉਮਰ ਦੇ ਪੀ.ਐਮ. ਬਣੇ ਹਨ। ਉਨ੍ਹਾਂ ਨੇ ਸਾਂਸਦ ਵਜੋਂ ਸਹੁੰ ਚੁੱਕਣ ਤੋਂ ਬਾਅਦ ਆਪਣਾ ਪਹਿਲਾ ਸੰਦੇਸ਼ ਇੱਕ ਰੈਪ ਗਾਣੇ ਰਾਹੀਂ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਨੇ ਭ੍ਰਿਸ਼ਟਾਚਾਰ, ਸਿਸਟਮ ਵਿੱਚ ਬਦਲਾਅ ਅਤੇ ਨੌਜਵਾਨਾਂ ਦਾ ਜ਼ਿਕਰ ਕੀਤਾ। ਬਾਲੇਨ ਦੀ ਪਾਰਟੀ ਰਾਸ਼ਟਰੀ ਸੁਤੰਤਰ ਪਾਰਟੀ (RSP) ਨੇ 5 ਮਾਰਚ ਦੀਆਂ ਚੋਣਾਂ ਵਿੱਚ ਜਿੱਤ ਦਰਜ ਕੀਤੀ ਸੀ। ਕਾਰਜਕਾਰੀ ਪ੍ਰਧਾਨ ਮੰਤਰੀ ਸੁਸ਼ੀਲਾ ਕਾਰਕੀ ਨੇ ਕਿਹਾ ਕਿ ਦੇਸ਼ ਦਾ ਭਵਿੱਖ ਹੁਣ ਨੌਜਵਾਨਾਂ ਦੇ ਹੱਥਾਂ ਵਿੱਚ ਹੈ ਅਤੇ ਨਵੀਂ ਸਰਕਾਰ ਤੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਉਮੀਦ ਹੈ। ਨਵੀਂ ਸਰਕਾਰ ਵਿੱਚ ਮੰਤਰੀ ਮੰਡਲ ਦਾ ਗਠਨ ਵੀ ਸ਼ੁਰੂ ਹੋ ਗਿਆ ਹੈ। ਸੁਧਨ ਗੁਰੂੰਗ ਨੂੰ ਗ੍ਰਹਿ ਮੰਤਰੀ ਬਣਾਇਆ ਗਿਆ ਹੈ, ਜਿਨ੍ਹਾਂ ‘ਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਹੋਵੇਗੀ। ਉੱਥੇ ਹੀ ਸ਼ਿਸ਼ਿਰ ਖ਼ਨਾਲ ਨੂੰ ਵਿਦੇਸ਼ ਮੰਤਰੀ ਦਾ ਅਹੁਦਾ ਦਿੱਤਾ ਗਿਆ ਹੈ, ਜੋ ਨੇਪਾਲ ਦੀ ਕੂਟਨੀਤੀ ਅਤੇ ਅੰਤਰਰਾਸ਼ਟਰੀ ਸਬੰਧਾਂ ਨੂੰ ਸੰਭਾਲਣਗੇ।










# ਅਧਿਆਪਨ ਪੇਸ਼ਾ ਨਹੀਂ ਇੱਕ ਜਜ਼ਬਾ!



ਅਧਿਆਪਨ ਨੂੰ ਹਮੇਸ਼ਾਂ ਸਮਾਜ ਵਿੱਚ ਸਭ ਤੋਂ ਸਨਮਾਨਿਤ ਅਤੇ ਮਹਤੱਵਪੂਰਨ ਭੂਮਿਕਾਵਾਂ ਵਿੱਚੋਂ ਇੱਕ ਮੰਨਿਆ ਗਿਆ ਹੈ। ਜਿੱਥੇ ਇਸਨੂੰ ਅਕਸਰ ਰੋਜ਼ੀ-ਰੋਟੀ ਦੇ ਸਰੋਤ ਵਜੋਂ ਦੇਖਿਆ ਜਾਂਦਾ ਹੈ, ਉਥੇ ਇਸਦਾ ਅਸਲੀ ਉਦੇਸ਼ ਇਸ ਤੋਂ ਕਾਫੀ ਵੱਧ ਹੈ—ਇਹ ਇੱਕ ਜਜ਼ਬਾ, ਇੱਕ ਜ਼ਿੰਮੇਵਾਰੀ ਅਤੇ ਇੱਕ ਉੱਚ ਕੋਟਿ ਦਾ ਧਰਮ ਹੈ। ਇੱਕ ਅਧਿਆਪਕ ਸਿਰਫ਼ ਪਾਠ ਨਹੀਂ ਪੜ੍ਹਾਉਂਦਾ, ਉਹ ਮਨਾਂ ਨੂੰ ਘੜਦਾ ਹੈ, ਚਰਿੱਤਰ ਬਣਾਉਂਦਾ ਹੈ ਅਤੇ ਵਿਅਕਤੀਆਂ ਨੂੰ ਜੀਵਨ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਜਦੋਂ ਅਧਿਆਪਨ ਸਿਰਫ਼ ਆਰਥਿਕ ਲਾਭ ਦੀ ਬਜਾਏ ਜਜ਼ਬੇ ਨਾਲ ਕੀਤਾ ਜਾਂਦਾ ਹੈ, ਤਾਂ ਇਹ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਨੂੰ ਬਦਲ ਦਿੰਦਾ ਹੈ।

**ਅਧਿਆਪਨ: ਪਹਿਲਾਂ ਇੱਕ ਉੱਚ ਧਰਮ, ਫਿਰ ਪੇਸ਼ਾ।**

ਅਸਲ ਵਿੱਚ ਅਧਿਆਪਨ ਮਨੁੱਖਤਾ ਦੀ ਸੇਵਾ ਹੈ। ਇਸ ਵਿੱਚ ਨੌਜਵਾਨ ਮਨਾਂ ਨੂੰ ਮਾਰਗਦਰਸ਼ਨ ਦੇਣਾ, ਉਤਸੁਕਤਾ ਨੂੰ ਪਾਲਣਾ ਅਤੇ ਨੈਤਿਕ ਮੁੱਲਾਂ ਨੂੰ ਵਸਾਉਣਾ ਸ਼ਾਮਲ ਹੈ। ਇੱਕ ਜਜ਼ਬੇ ਨਾਲ ਭਰਪੂਰ ਅਧਿਆਪਕ ਸਿੱਖਿਆ ਨੂੰ ਰੋਜ਼ਾਨਾ ਦੀ ਡਿਊਟੀ ਨਹੀਂ, ਸਗੋਂ ਲੋਕਾਂ ਨੂੰ ਪ੍ਰਕਾਸ਼ਿਤ ਕਰਨ ਦੇ ਮਿਸ਼ਨ ਵਜੋਂ ਦੇਖਦਾ ਹੈ।

ਇਤਿਹਾਸਕ ਤੌਰ 'ਤੇ ਅਧਿਆਪਕਾਂ ਨੂੰ ਨੈਤਿਕ ਮਾਰਗਦਰਸ਼ਕ ਅਤੇ ਗੁਰੂ ਮੰਨਿਆ ਗਿਆ ਹੈ। ਉਹਨਾਂ ਦੀ ਭੂਮਿਕਾ ਕਿਤਾਬਾਂ ਤੱਕ ਸੀਮਿਤ ਨਹੀਂ ਹੁੰਦੀ—ਉਹ ਸੋਚ, ਨੈਤਿਕਤਾ ਅਤੇ ਜੀਵਨ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜਦੋਂ ਅਧਿਆਪਨ ਨੂੰ ਇੱਕ ਉੱਚ ਧਰਮ ਵਜੋਂ ਅਪਣਾਇਆ ਜਾਂਦਾ ਹੈ: ਵਿਦਿਆਰਥੀਆਂ ਨੂੰ ਸਿਰਫ਼ ਜਾਣਕਾਰੀ ਨਹੀਂ, ਪ੍ਰੇਰਣਾ ਮਿਲਦੀ ਹੈ। ਸਿੱਖਿਆ ਅਰਥਪੂਰਨ ਅਤੇ ਅਰਥਪੂਰਨ ਬਣ ਜਾਂਦੀ ਹੈ। ਅਧਿਆਪਕ-ਵਿਦਿਆਰਥੀ ਸੰਬੰਧ ਭਰੋਸੇ ਅਤੇ ਆਦਰ 'ਤੇ ਅਧਾਰਿਤ ਹੁੰਦਾ ਹੈ। ਤਨਖਾਹ ਮਹੱਤਵਪੂਰਨ ਹੈ, ਕਿਉਂਕਿ ਅਧਿਆਪਕਾਂ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਪਰ ਜਦੋਂ ਪੈਸਾ ਹੀ ਇਕੱਲਾ ਮਕਸਦ ਬਣ ਜਾਂਦਾ ਹੈ, ਤਾਂ ਸਿੱਖਿਆ ਦੀ ਗੁਣਵੱਤਾ ਘੱਟ ਸਕਦੀ ਹੈ। ਜਜ਼ਬਾ ਸਮਰਪਣ, ਰਚਨਾਤਮਕਤਾ ਅਤੇ ਸੱਚੀ ਇੱਛਾ ਨੂੰ ਜਨਮ ਦਿੰਦਾ ਹੈ।

**ਅਧਿਆਪਨ ਵਿੱਚ ਜਜ਼ਬੇ ਦੀ ਮਹੱਤਤਾ**

ਜਜ਼ਬਾ ਉਹ ਤਾਕਤ ਹੈ ਜੋ ਅਧਿਆਪਕਾਂ ਨੂੰ ਮੁਸ਼ਕਿਲ ਹਾਲਾਤਾਂ—ਜਿਵੇਂ ਘੱਟ ਸਾਧਨ, ਵੱਖ-ਵੱਖ ਯੋਗਤਾਵਾਂ ਵਾਲੀਆਂ ਜਮਾਤਾਂ ਜਾਂ ਪ੍ਰਸ਼ਾਸਨਿਕ ਦਬਾਅ—ਵਿੱਚ ਵੀ ਪ੍ਰੇਰਿਤ ਰੱਖਦਾ ਹੈ।

**ਇੱਕ ਜਜ਼ਬੇ ਵਾਲਾ ਅਧਿਆਪਕ:**

ਔਖੇ ਵਿਸ਼ਿਆਂ ਨੂੰ ਸੌਖੇ ਅਤੇ ਰਚਨਾਤਮਕ ਢੰਗ ਨਾਲ ਸਮਝਾਉਂਦਾ ਹੈ। ਪ੍ਰਸ਼ਨਾਂ ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਹਰ ਵਿਦਿਆਰਥੀ ਦੀ ਲੋੜ ਅਨੁਸਾਰ ਆਪਣੇ ਆਪ ਨੂੰ ਢਾਲਦਾ ਹੈ। ਆਪਣੇ ਗਿਆਨ ਅਤੇ ਹੁਨਰ ਨੂੰ ਲਗਾਤਾਰ ਨਿਖਾਰਦਾ ਹੈ। ਵਿਦਿਆਰਥੀ ਤੁਰੰਤ ਸਮਝ ਲੈਂਦੇ ਹਨ ਕਿ ਅਧਿਆਪਕ ਸੱਚਮੁੱਚ ਚਿੰਤਤ ਹੈ ਜਾਂ ਨਹੀਂ। ਜਜ਼ਬਾ ਕਲਾਸਰੂਮ ਵਿੱਚ ਉਤਸ਼ਾਹ ਪੈਦਾ ਕਰਦਾ ਹੈ ਅਤੇ ਸਿੱਖਣ ਨੂੰ ਬੋਝ ਨਹੀਂ, ਸਗੋਂ ਖੁਸ਼ੀ ਬਣਾਉਂਦਾ ਹੈ।

**ਰਾਸ਼ਟਰ ਦੀ ਤਰੱਕੀ ਵਿੱਚ ਅਧਿਆਪਨ ਦੀ ਭੂਮਿਕਾ।**

ਸਿੱਖਿਆ ਕਿਸੇ ਵੀ ਵਿਕਸਿਤ ਅਤੇ ਪ੍ਰਗਤੀਸ਼ੀਲ ਦੇਸ਼ ਦੀ ਨੀਂਹ ਹੈ। ਅਧਿਆਪਕ ਇਸ ਨੀਂਹ ਦੇ ਨਿਰਮਾਤਾ ਹੁੰਦੇ ਹਨ। ਉਹਨਾਂ ਦਾ ਪ੍ਰਭਾਵ ਦੇਸ਼ ਦੇ ਭਵਿੱਖ ਦੇ ਕਰਮਚਾਰੀਆਂ, ਨੇਤਾਵਾਂ ਅਤੇ ਸਮਾਜਿਕ ਮੁੱਲਾਂ ਨੂੰ ਘੜਦਾ ਹੈ।

**ਮਾਨਵੀ ਸੰਸਾਧਨ ਦਾ ਨਿਰਮਾਣ:**

ਅਧਿਆਪਕ ਵਿਦਿਆਰਥੀਆਂ ਨੂੰ ਆਰਥਿਕ ਵਿਕਾਸ ਲਈ ਲੋੜੀਂਦੇ ਗਿਆਨ ਅਤੇ ਹੁਨਰ ਦਿੰਦੇ ਹਨ।

**ਸਮਾਜਿਕ ਮੁੱਲਾਂ ਦਾ ਪ੍ਰਚਾਰ:**

ਉਹ ਅਨੁਸ਼ਾਸਨ, ਸਮਵੇਦਨਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਵਰਗੀਆਂ ਗੁਣਾਂ ਨੂੰ ਵਿਕਸਿਤ ਕਰਦੇ ਹਨ।

**ਨਵੀਂ ਸੋਚ ਅਤੇ ਆਲੋਚਨਾਤਮਕ ਵਿਚਾਰਧਾਰਾ:**

ਜਜ਼ਬੇ ਵਾਲੇ ਅਧਿਆਪਕ ਉਤਸੁਕਤਾ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦੇ ਹਨ।

**ਅਸਮਾਨਤਾ ਘਟਾਉਣਾ:**

ਸਿੱਖਿਆ ਸਭ ਨੂੰ ਇੱਕੋ ਜਿਹੇ ਮੌਕੇ ਦਿੰਦੀ ਹੈ ਅਤੇ ਅਧਿਆਪਕ ਪਿੱਛੜੇ ਵਰਗਾਂ ਨੂੰ ਉੱਪਰ ਲਿਆਂਦੇ ਹਨ।

ਇਸ ਤਰ੍ਹਾਂ, ਅਧਿਆਪਨ ਸਿੱਧੇ ਤੌਰ 'ਤੇ ਰਾਸ਼ਟਰ-ਨਿਰਮਾਣ ਨਾਲ ਜੁੜਿਆ ਹੈ।

**ਕ੍ਰਿਤ੍ਰਿਮ ਬੁੱਧੀ ਦੇ ਯੁੱਗ ਵਿੱਚ ਅਧਿਆਪਨ**

ਕ੍ਰਿਤ੍ਰਿਮ ਬੁੱਧੀ (AI) ਸਿੱਖਿਆ ਦੇ ਖੇਤਰ ਨੂੰ ਤੇਜ਼ੀ ਨਾਲ ਬਦਲ ਰਹੀ ਹੈ। ਸਮਾਰਟ ਕਲਾਸਰੂਮ, ਆਨਲਾਈਨ ਪਲੇਟਫਾਰਮ ਅਤੇ ਵਰਚੁਅਲ ਟਿਊਟਰ ਸਿੱਖਣ ਦੇ ਢੰਗ ਨੂੰ ਬਦਲ ਰਹੇ ਹਨ।

**ਕੀ ਆਰਟੀਫਿਸ਼ਲ ਇੰਟੈਲੀਜੈਂਸ AI ਅਧਿਆਪਕਾਂ ਦੀ ਜਗ੍ਹਾ ਲੈ ਸਕਦੀ ਹੈ?**

ਆਰਟੀਫਿਸ਼ਲ ਇੰਟੈਲੀਜੈਂਸ AI ਜਾਣਕਾਰੀ ਦੇ ਸਕਦੀ ਹੈ ਅਤੇ ਕੰਮ ਆਸਾਨ ਕਰ ਸਕਦੀ ਹੈ, ਪਰ ਇਹ ਮਨੁੱਖੀ ਗੁਣਾਂ—ਜਿਵੇਂ ਭਾਵਨਾਤਮਕ ਸਮਝ, ਨੈਤਿਕ ਮਾਰਗਦਰਸ਼ਨ, ਪ੍ਰੇਰਣਾ ਅਤੇ ਨਿੱਜੀ ਸੰਬੰਧ—ਦੀ ਜਗ੍ਹਾ ਨਹੀਂ ਲੈ ਸਕਦੀ।

**ਅਧਿਆਪਨ ਦਾ ਭਵਿੱਖ**

ਭਵਿੱਖ ਵਿੱਚ ਅਧਿਆਪਨ ਖ਼ਤਮ ਨਹੀਂ ਹੋਵੇਗਾ, ਸਗੋਂ ਬਦਲੇਗਾ। ਅਧਿਆਪਕ:

ਸਿਰਫ਼ ਗਿਆਨ ਦੇ ਸਰੋਤ ਨਹੀਂ, ਸਿੱਖਣ ਦੇ ਮਾਰਗਦਰਸ਼ਕ ਬਣਨਗੇ। ਮੈਨਟਰ ਅਤੇ ਗਾਈਡ ਬਣਨਗੇ। ਰਚਨਾਤਮਕਤਾ ਅਤੇ ਸੰਚਾਰ ਦੇ ਹੁਨਰ ਵਿਕਸਿਤ ਕਰਨਗੇ।

ਆਰਟੀਫਿਸ਼ਲ ਇੰਟੈਲੀਜੈਂਸ ਅੀ ਅਧਿਆਪਕਾਂ ਦੀ ਸਹਾਇਕ ਹੋਵੇਗੀ, ਬਦਲ ਨਹੀਂ।

**ਅਧਿਆਪਕ ਤਕਨੀਕ ਨੂੰ ਕਿਵੇਂ ਅਪਣਾਉਣ?**

ਡਿਜ਼ਿਟਲ ਸਾਧਨਾਂ ਦੀ ਵਰਤੋਂ ਕਰਨੀ। ਵਿਅਕਤੀਗਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ। ਲਗਾਤਾਰ ਸਿੱਖਣਾ, ਮਨੁੱਖੀ ਸੰਬੰਧਾਂ ਨੂੰ ਮਜ਼ਬੂਤ ਰੱਖਣਾ, ਤਕਨੀਕ ਸਹਾਇਕ ਹੋਣੀ ਚਾਹੀਦੀ ਹੈ, ਬਦਲ ਨਹੀਂ।

**ਜਜ਼ਬੇ ਅਤੇ ਪੇਸ਼ੇ ਵਿੱਚ ਸੰਤੁਲਨ**

ਅਧਿਆਪਕਾਂ ਲਈ ਵਾਜਿਬ ਤਨਖਾਹ ਅਤੇ ਸਨਮਾਨ ਜ਼ਰੂਰੀ ਹੈ। ਪਰ ਸਭ ਤੋਂ ਵਧੀਆ ਹਾਲਤ ਉਹ ਹੈ ਜਿੱਥੇ:

ਅਧਿਆਪਨ ਨੂੰ ਮਿਸ਼ਨ ਵਜੋਂ ਦੇਖਿਆ ਜਾਵੇ, ਇਮਾਨਦਾਰੀ ਅਤੇ ਸਮਰਪਣ ਬਣਿਆ ਰਹੇ, ਸਿੱਖਿਆ ਦਾ ਵਪਾਰੀਕਰਨ ਨਾ ਹੋਵੇ।

ਅਧਿਆਪਨ ਉਹ ਪੇਸ਼ਾ ਹੈ ਜੋ ਵਿਅਕਤੀਆਂ ਅਤੇ ਰਾਸ਼ਟਰਾਂ ਦਾ ਭਵਿੱਖ ਬਣਾਉਂਦਾ ਹੈ। ਇਹ ਸਿਰਫ਼ ਕਮਾਈ ਦਾ ਸਾਧਨ ਨਹੀਂ, ਸਗੋਂ ਇੱਕ ਉੱਚ ਜ਼ਿੰਮੇਵਾਰੀ ਹੈ ਜੋ ਜਜ਼ਬੇ, ਧੀਰਜ ਅਤੇ ਸਮਰਪਣ ਦੀ ਮੰਗ ਕਰਦੀ ਹੈ।

ਇੱਕ ਜਜ਼ਬੇ ਵਾਲਾ ਅਧਿਆਪਕ ਪੀੜ੍ਹੀਆਂ ਨੂੰ ਪ੍ਰੇਰਿਤ ਕਰ ਸਕਦਾ ਹੈ, ਮਜ਼ਬੂਤ ਸਮਾਜ ਬਣਾਉਂਦਾ ਹੈ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦਾ ਹੈ। ਇਸ ਲਈ ਅਧਿਆਪਨ ਹਮੇਸ਼ਾਂ ਜਜ਼ਬੇ ਨਾਲ ਸ਼ੁਰੂ ਹੋਣਾ ਚਾਹੀਦਾ ਹੈ—ਸੇਵਾ ਦੀ ਭਾਵਨਾ ਨਾਲ—ਤਾਂ ਜੋ ਇਹ ਪੇਸ਼ੇ ਦੇ ਰੂਪ ਵਿੱਚ ਵੀ ਕਾਮਯਾਬ ਹੋ ਸਕੇ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਇਸ ਵਿਟਾਮਿਨ ਦੀ ਕਮੀ ਨਾਲ ਰਹਿੰਦੀ ਹੈ ਹਰ ਵੇਲੇ ਥਕਾਵਟ

ਅੱਜਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਥਕਾਵਟ ਮਹਿਸੂਸ ਕਰਨਾ ਆਮ ਗੱਲ ਹੈ। ਹਾਲਾਂਕਿ, ਜੇ ਤੁਸੀਂ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ, ਭਾਵੇਂ ਜ਼ਿਆਦਾ ਕੰਮ ਨਾ ਵੀ ਕਰੋ ਅਤੇ ਇਹ ਥਕਾਵਟ ਆਰਾਮ ਕਰਨ ਤੋਂ ਬਾਅਦ ਵੀ ਦੂਰ ਨਹੀਂ ਹੁੰਦੀ, ਤਾਂ ਇਸਨੂੰ ਨਜ਼ਰਅੰਦਾਜ਼ ਕਰਨਾ ਸਹੀ ਨਹੀਂ ਹੈ। ਇਹ ਸਿਰਫ਼ ਤਣਾਅ ਦਾ ਸੰਕੇਤ ਹੀ ਨਹੀਂ ਹੋ ਸਕਦਾ, ਸਗੋਂ ਸਰੀਰ ਵਿੱਚ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਵੀ ਹੋ ਸਕਦੀ ਹੈ।

ਵਿਟਾਮਿਨ ਡੀ ਦੀ ਕਮੀ ਅਕਸਰ ਅਜਿਹੀ ਥਕਾਵਟ ਦਾ ਇੱਕ ਵੱਡਾ ਕਾਰਨ ਹੁੰਦੀ ਹੈ। ਜਦੋਂ ਸਰੀਰ ਵਿੱਚ ਵਿਟਾਮਿਨ ਡੀ3 ਦੀ ਕਮੀ ਹੁੰਦੀ ਹੈ, ਤਾਂ ਇਸ ਦੇ ਪ੍ਰਭਾਵ ਹੱਡੀਆਂ ਤੱਕ ਸੀਮਤ ਨਹੀਂ ਹੁੰਦੇ, ਸਗੋਂ ਇਹ ਪੂਰੇ ਸਰੀਰ ਦੇ ਕੰਮਕਾਜ ਨੂੰ ਵੀ ਪ੍ਰਭਾਵਿਤ ਕਰਦੇ ਹਨ। ਵਿਟਾਮਿਨ ਡੀ ਦੀ ਕਮੀ ਨਾ ਸਿਰਫ਼ ਹੱਡੀਆਂ ਨੂੰ ਕਮਜ਼ੋਰ ਕਰਦੀ ਹੈ, ਸਗੋਂ ਮਾਸਪੇਸ਼ੀਆਂ ਵਿੱਚ ਦਰਦ, ਕਮਜ਼ੋਰੀ ਅਤੇ ਲਗਾਤਾਰ ਥਕਾਵਟ ਦਾ ਕਾਰਨ ਵੀ ਬਣਦੀ ਹੈ। ਇਸ ਲਈ ਆਪਣੀ ਖੁਰਾਕ ਵਿੱਚ ਕੁਝ ਖਾਸ ਭੋਜਨ ਸ਼ਾਮਲ ਕਰਨਾ ਮਹੱਤਵਪੂਰਨ ਹੈ ਜੋ ਵਿਟਾਮਿਨ ਡੀ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ।

**ਦੁੱਧ:** ਦੁੱਧ ਵਿੱਚ ਵਿਟਾਮਿਨ ਡੀ3 ਦੀ ਚੰਗੀ ਮਾਤਰਾ ਹੁੰਦੀ ਹੈ। ਰੋਜ਼ਾਨਾ ਇੱਕ ਗਲਾਸ ਦੁੱਧ ਪੀਣ ਨਾਲ ਨਾ ਸਿਰਫ਼ ਤੁਹਾਡੇ ਸਰੀਰ ਨੂੰ ਵਿਟਾਮਿਨ ਡੀ ਮਿਲਦਾ ਹੈ ਬਲਕਿ ਹੱਡੀਆਂ ਦੀ ਸਿਹਤ ਨੂੰ ਵੀ ਬਿਹਤਰ ਬਣਾਉਣ ਵਿੱਚ ਮਦਦ ਮਿਲਦੀ ਹੈ। ਇਹ ਗਠੀਏ ਵਰਗੀਆਂ ਸਮੱਸਿਆਵਾਂ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ।

**ਬਦਾਮ ਦਾ ਦੁੱਧ:** ਬਦਾਮ ਦਾ ਦੁੱਧ ਵਿਟਾਮਿਨ ਡੀ3 ਨਾਲ ਭਰਪੂਰ ਹੁੰਦਾ ਹੈ ਅਤੇ ਇਸ ਦੇ ਕਈ ਸਿਹਤ ਲਾਭ ਹਨ। ਇਹ ਦੁੱਧ ਨਾ ਸਿਰਫ਼ ਤੁਹਾਡੀਆਂ ਹੱਡੀਆਂ ਨੂੰ ਸਿਹਤਮੰਦ ਰੱਖਦਾ ਹੈ ਬਲਕਿ ਕਈ ਸਿਹਤ ਸਮੱਸਿਆਵਾਂ ਨੂੰ ਵੀ ਦੂਰ ਕਰਦਾ ਹੈ। ਇਹ ਉੱਚ ਕੋਲੈਸਟ੍ਰੋਲ ਵਾਲੇ ਲੋਕਾਂ ਲਈ ਵੀ ਫਾਇਦੇਮੰਦ ਹੈ।

# ਫਲ ਖਾਣ ਨਾਲ ਡਾਇਬੀਟੀਜ਼ ਵੱਧਦੀ ਹੈ ਜਾਂ ਘਟਦੀ? ਡਾਕਟਰ ਨੇ ਦੱਸਿਆ ਫਲਾਂ ਦੀ ਕੁਦਰਤੀ ਸ਼ੂਗਰ ਦਾ ਅਸਲ ਸੱਚ



ਜ਼ਿਆਦਾਤਰ ਲੋਕ ਫਲਾਂ ਨੂੰ ਸਿਰਫ਼ ਇੱਕ ਸਨੈਕ (Optional Snack) ਮੰਨਦੇ ਹਨ, ਜਿਸ ਨੂੰ ਮਨ ਹੋਇਆ ਤਾਂ ਖਾ ਲਿਆ ਨਹੀਂ ਤਾਂ ਛੱਡ ਦਿੱਤਾ। ਪਰ ਫਲ ਸਾਡੀ ਸਿਹਤ ਲਈ ਇੱਕ ਦਵਾਈ ਵਾਂਗ ਹਨ, ਜੋ ਬਿਮਾਰੀਆਂ ਨਾਲ ਲੜਨ ਅਤੇ ਸਿਹਤਮੰਦ ਰਹਿਣ ਵਿੱਚ ਸਾਡੀ ਮਦਦ ਕਰਦੇ ਹਨ।

ਇਸ ਲਈ ਜੇਕਰ ਤੁਸੀਂ ਆਪਣੀ ਸਿਹਤ ਨੂੰ ਬਿਹਤਰ ਬਣਾਉਣਾ ਚਾਹੁੰਦੇ ਹੋ, ਤਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਰੋਜ਼ਾਨਾ ਕਿੰਨੇ ਫਲ ਖਾਣੇ ਚਾਹੀਦੇ ਹਨ। ਡਾਕਟਰ ਸੁਧੀਰ ਕੁਮਾਰ (MD, DM) ਫਲ ਖਾਣ ਦਾ ਸਹੀ ਗਣਿਤ ਦੱਸ ਰਹੇ ਹਨ।

**ਰੋਜ਼ਾਨਾ ਕਿੰਨੇ ਫਲ ਖਾਈਏ?**

ਇੱਕ ਸਿਹਤਮੰਦ ਵਿਅਕਤੀ ਨੂੰ ਹਰ ਦਿਨ 2 ਸਰਵਿੰਗਜ਼ (Servings) ਫਲ ਖਾਣੇ ਚਾਹੀਦੇ ਹਨ।

**1 ਸਰਵਿੰਗ ਦਾ ਮਤਲਬ:** 1 ਦਰਮਿਆਨੇ ਆਕਾਰ ਦਾ ਸੇਬ, 1 ਕੇਲਾ, ਜਾਂ ਅੱਧਾ ਕੱਪ ਬੇਰੀਜ਼।

ਦਿਨ ਭਰ ਵਿੱਚ ਘੱਟੋ-ਘੱਟ 1.5 ਕੱਪ ਫਲ ਜ਼ਰੂਰ ਲਓ। ਤੁਸੀਂ ਚਾਹੋ ਤਾਂ 4 ਤੋਂ 5 ਸਰਵਿੰਗਜ਼ ਵੀ ਖਾ ਸਕਦੇ ਹੋ, ਪਰ ਨਾਲ ਹੀ ਡਾਈਟ ਵਿੱਚ ਸਬਜ਼ੀਆਂ ਦੀ ਮਾਤਰਾ ਵੀ ਵਧਾ ਦਿਓ।

**ਫਲ ਸਿਹਤ ਨੂੰ ਕਿਵੇਂ ਸੁਧਾਰਦੇ ਹਨ?**

ਫਲ ਸਾਡੇ ਸਰੀਰ ਲਈ ਸੁਰੱਖਿਆ ਕਵਚ ਵਾਂਗ ਕੰਮ ਕਰਦੇ ਹਨ। ਇਹ ਕਈ ਗੰਭੀਰ ਬਿਮਾਰੀਆਂ ਤੋਂ ਬਚਾਅ ਕਰਦੇ ਹਨ:

**ਫਾਈਬਰ:** ਇਹ ਮਾੜੇ ਕੋਲੇਸਟ੍ਰੋਲ (Bad Cholesterol) ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

**ਪੋਟਾਸ਼ੀਅਮ:** ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਦਾ ਹੈ, ਜਿਸ ਨਾਲ ਦਿਲ 'ਤੇ ਦਬਾਅ ਘੱਟ ਹੁੰਦਾ ਹੈ।

**ਫਲੇਵੋਨੋਇਡਜ਼:** ਇਹ ਸਟ੍ਰੋਕ ਅਤੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ 10-15% ਤੱਕ ਘਟਾ ਸਕਦੇ ਹਨ।

**ਜੇਕਰ ਫਲ ਨਾ ਖਾਧੇ ਜਾਣ ਤਾਂ ਕੀ ਹੋਵੇਗਾ?**

ਫਲਾਂ ਤੋਂ ਪਰਹੇਜ਼ ਕਰਨ ਨਾਲ ਸਰੀਰ ਵਿੱਚ ਸੋਜ (Inflammation) ਵੱਧ ਸਕਦੀ ਹੈ। ਇਸ ਤੋਂ ਇਲਾਵਾ, ਅੰਤੜੀਆਂ ਦੀ ਸਿਹਤ ਵਿਗੜ ਸਕਦੀ ਹੈ ਅਤੇ ਟਾਈਪ-2 ਡਾਇਬੀਟੀਜ਼ ਦਾ ਖ਼ਤਰਾ ਵਧ ਜਾਂਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਸਾਬਤ ਫਲ ਖਾਣ ਨਾਲ ਡਾਇਬੀਟੀਜ਼ ਦਾ ਖ਼ਤਰਾ ਘੱਟਦਾ ਹੈ, ਨਾ ਕਿ ਵੱਧਦਾ।

**ਕੀ ਫਲਾਂ ਦੀ ਸ਼ੂਗਰ ਨੁਕਸਾਨ ਪਹੁੰਚਾਉਂਦੀ ਹੈ?**


ਬਹੁਤ ਸਾਰੇ ਲੋਕ ਫਲਾਂ ਤੋਂ ਇਸ ਲਈ ਦੂਰ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਵਿੱਚ ਸ਼ੂਗਰ ਹੁੰਦੀ ਹੈ। ਪਰ ਇੱਕ ਕਟੋਰੀ ਬਲੂਬੇਰੀ ਦੀ ਤੁਲਨਾ ਚਾਕਲੇਟ ਬਾਰ ਨਾਲ ਕਰਨਾ ਗਲਤ ਹੈ। ਸਾਬਤ ਫਲਾਂ ਵਿੱਚ ਮੌਜੂਦ ਫਾਈਬਰ, ਫਰੂਟ ਸ਼ੂਗਰ (Fructose) ਦੇ ਸੋਖਣ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ, ਜਿਸ ਨਾਲ ਇੰਸੁਲਿਨ ਇੱਕਦਮ ਨਹੀਂ ਵਧਦਾ।

**ਰੇਨਬੋ ਡਾਈਟ (Rainbow Diet) ਅਪਣਾਓ**

ਸਿਹਤਮੰਦ ਰਹਿਣ ਦਾ ਸਭ ਤੋਂ ਸੌਖਾ ਨਿਯਮ ਹੈ- "ਈਟ ਦਾ ਰੇਨਬੋ" (Eat the Rainbow)। ਯਾਨੀ ਆਪਣੀ ਥਾਲੀ ਵਿੱਚ ਵੱਖ-ਵੱਖ ਰੰਗਾਂ ਦੇ ਫਲ ਅਤੇ ਸਬਜ਼ੀਆਂ ਸ਼ਾਮਲ ਕਰੋ। ਇਹ ਛੋਟਾ ਜਿਹਾ ਬਦਲਾਅ ਤੁਹਾਡੀ ਸਿਹਤ ਵਿੱਚ ਵੱਡਾ ਸੁਧਾਰ ਲਿਆਵੇਗਾ।

# ਸਰਵਾਈਕਲ ਕੈਂਸਰ ਤੋਂ ਬਚਣ ਲਈ HPV ਟੈਸਟਿੰਗ ਹੈ ਜ਼ਰੂਰੀ?

ਔਰਤਾਂ ਵਿੱਚ ਤੇਜ਼ੀ ਨਾਲ ਫੈਲਣ ਵਾਲੇ ਕੈਂਸਰਾਂ ਵਿੱਚ ਸਰਵਾਈਕਲ ਕੈਂਸਰ ਦਾ ਨਾਮ ਸਭ ਤੋਂ ਉੱਪਰ ਆਉਂਦਾ ਹੈ। ਹਾਲਾਂਕਿ ਸਿਹਤ ਪ੍ਰਤੀ ਜਾਗਰੂਕਤਾ ਵਧੀ ਹੈ, ਪਰ ਅਜੇ ਵੀ ਸਰਵਾਈਕਲ ਕੈਂਸਰ ਦੀ ਸਕ੍ਰੀਨਿੰਗ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ।




ਬਿਮਾਰੀ ਦਾ ਜਲਦੀ ਪਤਾ ਲਗਾਉਣ ਲਈ ਨਿਯਮਤ ਤੌਰ 'ਤੇ HPV (Human Paipllomaivrus) ਟੈਸਟਿੰਗ ਬੇਹੱਦ ਜ਼ਰੂਰੀ ਹੈ। ਇਸ ਸਬੰਧੀ ਡਾ. ਪ੍ਰਿਆ ਗਣੇਸ਼ ਕੁਮਾਰ (ਸੀਨੀਅਰ ਗਾਇਨੀਕੋਲੋਜਿਸਟ ਅਤੇ ਪ੍ਰੀਵੈਂਟਿਵ ਓਨਕੋਲੋਜਿਸਟ) ਨੇ ਕੁਝ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਹਨ:

**ਕਿੰਨੀ ਅਸਰਦਾਰ ਹੈ HPV ਟੈਸਟਿੰਗ?**

ਸਰਵਾਈਕਲ ਕੈਂਸਰ ਦੇ ਖਤਰੇ ਨੂੰ ਪਛਾਣਨ ਲਈ ਫੜ ਧੰਅ ਟੈਸਟਿੰਗ ਇੱਕ ਬਹੁਤ ਹੀ ਕਾਰਗਰ ਤਰੀਕਾ ਹੈ। ਇਸ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਲੱਛਣ ਸਾਹਮਣੇ ਆਉਣ ਤੋਂ ਬਹੁਤ ਪਹਿਲਾਂ ਹੀ ਸੈੱਲਾਂ (Cells) ਵਿੱਚ ਹੋਣ ਵਾਲੀਆਂ ਅਸਧਾਰਨ ਤਬਦੀਲੀਆਂ ਦੀ ਪਛਾਣ ਕਰ ਲੈਂਦਾ ਹੈ। ਇਹ ਉਸ ਵਾਇਰਸ ਦਾ ਪਤਾ ਲਗਾਉਂਦਾ ਹੈ ਜੋ ਕੈਂਸਰ ਦਾ ਮੁੱਖ ਕਾਰਨ ਬਣ ਸਕਦਾ ਹੈ।

**ਸਮੇਂ ਸਿਰ ਜਾਂਚ ਕਿਉਂ ਹੈ ਜ਼ਰੂਰੀ?**

ਸਰਵਾਈਕਲ ਕੈਂਸਰ ਦੇ ਮਾਮਲੇ ਵਿੱਚ ਬਿਮਾਰੀ ਦਾ ਜਲਦੀ ਪਤਾ ਲੱਗਣਾ ਹੀ ਜਾਨ ਬਚਾਉਣ ਦੀ ਕੁੰਜੀ ਹੈ।

**ਸ਼ੁਰੂਆਤੀ ਪਛਾਣ:** HPV ਇਨਫੈਕਸ਼ਨ ਦੀ ਸ਼ੁਰੂਆਤ ਵਿੱਚ ਪਛਾਣ ਹੋਣ ਨਾਲ ਸਮੇਂ ਸਿਰ ਇਲਾਜ ਸੰਭਵ ਹੈ।

**ਪੂਰੀ ਤਰ੍ਹਾਂ ਇਲਾਜਯੋਗ:** ਕੈਂਸਰ ਬਣਨ ਤੋਂ ਪਹਿਲਾਂ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਮੈਨੇਜ ਕੀਤਾ ਜਾ ਸਕਦਾ ਹੈ, ਜਿਸ ਨਾਲ ਭਵਿੱਖ ਦੇ ਵੱਡੇ ਖਤਰਿਆਂ ਨੂੰ ਟਾਲਿਆ ਜਾ ਸਕਦਾ ਹੈ।

**ਘਰ ਬੈਠੇ ਵੀ ਕਰ ਸਕਦੇ ਹੋ ਟੈਸਟ**

ਅਕਸਰ ਔਰਤਾਂ ਹਸਪਤਾਲ ਜਾਣ ਦੀ ਹਿਚਕਿਚਾਹਟ, ਡਰ ਜਾਂ ਨਿੱਜਤਾ (Privacy) ਦੀ ਕਮੀ ਕਾਰਨ ਇਹ ਟੈਸਟ ਨਹੀਂ ਕਰਵਾਉਂਦੀਆਂ। ਪਰ ਹੁਣ ਤਕਨੀਕ ਨੇ ਇਸ ਨੂੰ ਆਸਾਨ ਬਣਾ ਦਿੱਤਾ ਹੈ:

ਸੈਲਫ-ਟੈਸਟਿੰਗ ਕਿੱਟ: WHO ਵੱਲੋਂ ਮਾਨਤਾ ਪ੍ਰਾਪਤ HPV DNA ਸੈਲਫ-ਟੈਸਟਿੰਗ ਕਿੱਟਾਂ ਹੁਣ ਬਾਜ਼ਾਰ ਵਿੱਚ ਉਪਲਬਧ ਹਨ।

ਸਹੂਲਤ: ਇਹ ਕਿੱਟਾਂ ਔਰਤਾਂ ਨੂੰ ਘਰ ਬੈਠੇ ਹੀ ਜਾਂਚ ਕਰਨ ਦੀ ਸਹੂਲਤ ਦਿੰਦੀਆਂ ਹਨ, ਜਿਸ ਨਾਲ ਸਮੇਂ ਦੀ ਬਚਤ ਹੁੰਦੀ ਹੈ ਅਤੇ ਡਾਕਟਰ ਕੋਲ ਜਾਣ ਦੀ ਝਿਝਕ ਵੀ ਖ਼ਤਮ ਹੁੰਦੀ ਹੈ।

**ਆਪਣੀ ਸਿਹਤ ਸੂਚੀ ਵਿੱਚ ਇਸ ਨੂੰ ਸ਼ਾਮਲ ਕਰੋ**

ਜਿਸ ਤਰ੍ਹਾਂ ਤੁਸੀਂ ਦਿਲ ਦੀ ਸਿਹਤ ਜਾਂ ਸ਼ੂਗਰ ਲੈਵਲ ਦੀ ਜਾਂਚ ਕਰਵਾਉਂਦੇ ਹੋ, ਉਸੇ ਤਰ੍ਹਾਂ HPV ਟੈਸਟਿੰਗ ਨੂੰ ਵੀ ਆਪਣੀ ਸਾਲਾਨਾ ਸਿਹਤ ਜਾਂਚ (Annual Health Checkup) ਦਾ ਹਿੱਸਾ ਬਣਾਓ। ਯਾਦ ਰੱਖੋ, ਸਿਹਤਮੰਦ ਰਹਿਣ ਦਾ ਮਤਲਬ ਸਿਰਫ਼ ਸਰੀਰਕ ਤੌਰ 'ਤੇ ਫਿੱਟ ਦਿਖਣਾ ਨਹੀਂ, ਸਗੋਂ ਅੰਦਰੂਨੀ ਖਤਰਿਆਂ ਪ੍ਰਤੀ ਸੁਚੇਤ ਰਹਿਣਾ ਵੀ ਹੈ।












# ਰਾਸ਼ੀਫਲ

## ਬਾਬਾ ਵੇਂਗਾ ਵੱਲੋਂ ਵੱਡੀ ਭਵਿੱਖਬਾਣੀ !

### ਇਨ੍ਹਾਂ 5 ਰਾਸ਼ੀ ਵਾਲਿਆਂ ਦੀ ਅਚਾਨਕ ਬਦਲ ਜਾਏਗੀ ਕਿਸਮਤ;

### ਕਾਰੋਬਾਰ ਅਤੇ ਦੌਲਤ 'ਚ ਹੋਏਗਾ ਵਾਧਾ...



ਹੁਣ ਅਪ੍ਰੈਲ 2026 ਦੇ ਪਹਿਲੇ ਹਫ਼ਤੇ ਨੂੰ ਲੈ ਕੇ ਕੀਤੀ ਗਈ ਭਵਿੱਖਬਾਣੀ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਭਵਿੱਖਬਾਣੀ ਅਨੁਸਾਰ, ਆਉਣ ਵਾਲਾ ਹਫ਼ਤਾ 5 ਖਾਸ ਰਾਸ਼ੀਆਂ ਲਈ ਕਿਸਮਤ ਬਦਲਣ ਵਾਲਾ ਸਾਬਤ ਹੋ ਸਕਦਾ ਹੈ, ਜਿਸ 'ਚ ਉਨ੍ਹਾਂ ਦੀ ਆਰਥਿਕ ਸਥਿਤੀ ਸੁਧਰੇਗੀ ਅਤੇ ਰੁਕੇ ਹੋਏ ਸਰਕਾਰੀ ਕੰਮ ਪੂਰੇ ਹੋਣਗੇ।

ਬ੍ਰਿਖ ਰਾਸ਼ੀ ਇਸ ਰਾਸ਼ੀ ਦੇ ਲੋਕਾਂ ਲਈ ਇਹ ਸਮਾਂ ਬਹੁਤ ਲਾਭਕਾਰੀ ਰਹੇਗਾ। ਸਹੁਰੇ ਪੱਖ ਨਾਲ ਚੱਲ ਰਹੇ ਮਤਭੇਦ ਖਤਮ ਹੋਣਗੇ ਅਤੇ ਜੀਵਨਸਾਥੀ ਦਾ ਪੂਰਾ ਸਹਿਯੋਗ ਮਿਲੇਗਾ। ਨੌਕਰੀਪੇਸ਼ਾ ਲੋਕਾਂ ਦੀ ਦਫ਼ਤਰ 'ਚ ਟੈਂਸ਼ਨ ਘੱਟ ਹੋਵੇਗੀ ਅਤੇ ਕਿਸੇ ਦੋਸਤ ਨਾਲ ਧਾਰਮਿਕ ਯਾਤਰਾ ਦਾ ਪਲਾਨ ਬਣ ਸਕਦਾ ਹੈ।

ਕਰਕ ਰਾਸ਼ੀ ਕਰਕ ਰਾਸ਼ੀ ਵਾਲਿਆਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਤੋਂ ਮੁਕਤੀ ਮਿਲੇਗੀ। ਪਰਿਵਾਰਕ ਰਿਸ਼ਤੇ ਮਜ਼ਬੂਤ ਹੋਣਗੇ ਅਤੇ ਜੇਕਰ ਤੁਸੀਂ ਨਿਵੇਸ਼ ਕਰਨ ਬਾਰੇ ਸੋਚ ਰਹੇ ਹੋ, ਤਾਂ ਇਹ ਹਫ਼ਤਾ ਬਹੁਤ ਫਾਇਦੇਮੰਦ ਰਹਿਣ ਵਾਲਾ ਹੈ। ਪ੍ਰੇਮ ਸਬੰਧਾਂ 'ਚ ਵੀ ਸੁਧਾਰ ਆਵੇਗਾ।

ਕੰਨਿਆ ਰਾਸ਼ੀ ਕੰਨਿਆ ਰਾਸ਼ੀ ਦੇ ਜਾਤਕਾਂ ਲਈ ਇਹ ਹਫ਼ਤਾ ਵਿਸ਼ੇਸ਼ ਪ੍ਰਾਪਤੀਆਂ ਵਾਲਾ ਹੋਵੇਗਾ। ਨੌਕਰੀ 'ਚ ਟਾਰਗੇਟ ਪੂਰੇ ਹੋਣਗੇ ਅਤੇ ਮਕਾਨ ਜਾਂ ਫਲੈਟ ਖਰੀਦਣ ਦੀ ਇੱਛਾ ਪੂਰੀ ਹੋ ਸਕਦੀ ਹੈ। ਰੁਕੇ ਹੋਏ ਪੈਸੇ ਦੀ ਪ੍ਰਾਪਤੀ ਹੋਵੇਗੀ ਅਤੇ ਨਵਾਂ ਕਾਰੋਬਾਰ ਸ਼ੁਰੂ ਕਰਨ ਦੇ ਮੌਕੇ ਵੀ ਮਿਲ ਸਕਦੇ ਹਨ।

ਧਨੁ ਰਾਸ਼ੀ ਧਨੁ ਰਾਸ਼ੀ ਵਾਲਿਆਂ ਲਈ ਇਹ ਸਮਾਂ ਸ਼ਾਨਦਾਰ ਰਹੇਗਾ। ਸਮਾਜਿਕ ਗਤੀਵਿਧੀਆਂ 'ਚ ਹਿੱਸਾ ਲੈਣ ਨਾਲ ਨਵੇਂ ਸੰਪਰਕ ਬਣਨਗੇ ਜੋ ਭਵਿੱਖ 'ਚ ਲਾਭ ਦੇਣਗੇ। ਕਿਸੇ ਨਵੇਂ ਪ੍ਰੋਜੈਕਟ 'ਤੇ ਕੰਮ ਸ਼ੁਰੂ ਕਰਨ ਲਈ ਇਹ ਹਫ਼ਤਾ ਬਹੁਤ ਅਨੁਕੂਲ ਹੈ।

ਮੀਨ ਰਾਸ਼ੀ ਮੀਨ ਰਾਸ਼ੀ ਵਾਲਿਆਂ ਨੂੰ ਮਾਨਸਿਕ ਸ਼ਾਂਤੀ ਮਿਲੇਗੀ। ਜੇਕਰ ਕੋਈ ਅਦਾਲਤੀ ਮਾਮਲਾ ਚੱਲ ਰਿਹਾ ਹੈ, ਤਾਂ ਉਸ ਵਿੱਚ ਰਾਹਤ ਮਿਲਣ ਦੀ ਉਮੀਦ ਹੈ। ਰੁਜ਼ਗਾਰ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਅਪ੍ਰੈਲ ਦਾ ਪਹਿਲਾ ਹਫ਼ਤਾ ਸ਼ੁਭ ਸਾਬਤ ਹੋਵੇਗਾ।

## ਇਨ੍ਹਾਂ 4 ਰਾਸ਼ੀ ਵਾਲਿਆਂ ਲਈ ਅਪ੍ਰੈਲ ਮਹੀਨਾ ਵਰਦਾਨੀ

ਅੱਜ ਚੌਥੇ ਮਹੀਨੇ ਅਪ੍ਰੈਲ ਦੀ ਸ਼ੁਰੂਆਤ ਹੋ ਚੁੱਕੀ ਹੈ। ਇਹ ਮਹੀਨਾ ਕੁਝ ਰਾਸ਼ੀਫਲ ਵਾਲੇ ਜਾਤਕਾਂ ਲਈ ਬਹੁਤ ਖਾਸ ਹੋਣ ਵਾਲਾ ਹੈ। ਦੱਸ ਦੇਈਏ ਕਿ ਇਸ ਸਾਲ ਹਨੂੰਮਾਨ ਜਯੰਤੀ ਦਾ ਮਹਾਂਪਰਵ 2 ਅਪ੍ਰੈਲ ਨੂੰ ਮਨਾਇਆ ਜਾਵੇਗਾ। ਧਾਰਮਿਕ ਮਾਨਤਾਵਾਂ ਅਨੁਸਾਰ ਚੈਤਰ ਸ਼ੁਕਲ ਪੂਰਨਿਮਾ ਦੇ ਦਿਨ ਹੀ ਮਹਾਵੀਰ ਬਜਰੰਗਬਲੀ ਦਾ ਜਨਮ ਹੋਇਆ ਸੀ। ਜੋਤਿਸ਼ਵਿਦਾਂ ਅਨੁਸਾਰ ਕੁਝ ਖਾਸ ਰਾਸ਼ੀਆਂ 'ਤੇ ਹਨੂੰਮਾਨ ਜੀ ਦੀ ਵਿਸ਼ੇਸ਼ ਕਿਰਪਾ ਰਹਿੰਦੀ ਹੈ ਅਤੇ ਉਹ ਇਨ੍ਹਾਂ ਰਾਸ਼ੀਆਂ ਦੇ ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਜਲਦੀ ਦੂਰ ਕਰ ਦਿੰਦੇ ਹਨ। ਇੱਥੇ ਜਾਣੋ ਕਿਨ੍ਹਾਂ 4 ਰਾਸ਼ੀਫਲ ਵਾਲੇ ਜਾਤਕਾਂ ਉੱਪਰ ਬਜਰੰਗਬਲੀ ਮੇਹਰਬਾਨ ਹੋਣਗੇ..।

ਮੇਖ ਰਾਸ਼ੀ : ਮੇਖ ਰਾਸ਼ੀ ਦਾ ਸੁਆਮੀ ਮੰਗਲ ਹੋਣ ਕਾਰਨ ਇਨ੍ਹਾਂ 'ਤੇ ਹਨੂੰਮਾਨ ਜੀ ਦੀ ਵਿਸ਼ੇਸ਼ ਮਿਹਰ ਰਹਿੰਦੀ ਹੈ। ਜੇਕਰ ਇਸ ਰਾਸ਼ੀ ਦੇ ਲੋਕ ਸੱਚੇ ਮਨ ਨਾਲ ਬਜਰੰਗਬਲੀ ਨੂੰ ਪੁਕਾਰਦੇ ਹਨ, ਤਾਂ ਉਨ੍ਹਾਂ ਦੀਆਂ ਪਰੇਸ਼ਾਨੀਆਂ ਜ਼ਰੂਰ ਦੂਰ ਹੁੰਦੀਆਂ ਹਨ। ਨਿਯਮਿਤ ਪੂਜਾ ਕਰਨ ਨਾਲ ਇਨ੍ਹਾਂ ਨੂੰ ਆਰਥਿਕ ਲਾਭ, ਕਰੀਅਰ ਵਿੱਚ ਤਰੱਕੀ ਮਿਲਦੀ ਹੈ ਅਤੇ ਬਿਮਾਰੀਆਂ ਦੂਰ ਹੁੰਦੀਆਂ ਹਨ।

ਸਿੰਘ ਰਾਸ਼ੀ : ਸਿੰਘ ਰਾਸ਼ੀ ਦਾ ਸੁਆਮੀ ਸੂਰਜ ਹੈ, ਜਿਨ੍ਹਾਂ ਨੂੰ ਹਨੂੰਮਾਨ ਜੀ ਦਾ ਗੁਰੂ ਮੰਨਿਆ ਜਾਂਦਾ ਹੈ। ਇਸ ਲਈ ਇਹ ਰਾਸ਼ੀ ਹਨੂੰਮਾਨ ਜੀ ਨੂੰ ਬਹੁਤ ਪਿਆਰੀ ਹੈ। ਮਾਨਤਾ ਹੈ ਕਿ ਇਸ ਰਾਸ਼ੀ ਦੇ ਲੋਕਾਂ ਦੇ ਜੀਵਨ ਵਿੱਚ ਦੁਸ਼ਮਣਾਂ ਦੇ ਮੁਕਾਬਲੇ ਬਹੁਤ ਘੱਟ ਸੰਘਰਸ਼ ਹੁੰਦਾ ਹੈ ਅਤੇ ਘੱਟ ਉਮਰ ਵਿੱਚ ਹੀ ਸੁੱਖ-ਸਹੂਲਤਾਂ ਤੇ ਤਰੱਕੀ ਦੇ ਮੌਕੇ ਮਿਲਣ ਲੱਗਦੇ ਹਨ।

ਵ੍ਰਿਸ਼ਚਿਕ ਰਾਸ਼ੀ : ਇਸ ਰਾਸ਼ੀ ਦਾ ਸੁਆਮੀ ਵੀ ਮੰਗਲ ਹੈ, ਜਿਸ ਕਰਕੇ ਹਨੂੰਮਾਨ ਜੀ ਦੀ ਉਪਾਸਨਾ ਇਨ੍ਹਾਂ ਲਈ ਬਹੁਤ ਫਲਦਾਇਕ ਹੁੰਦੀ ਹੈ। ਹਨੂੰਮਾਨ ਜੀ ਦੀ ਪੂਜਾ ਕਰਨ ਨਾਲ ਇਨ੍ਹਾਂ ਦਾ ਆਰਥਿਕ ਸੰਕਟ ਬਹੁਤ ਜਲਦੀ ਦੂਰ ਹੋ ਜਾਂਦਾ ਹੈ ਅਤੇ ਦੁਰਘਟਨਾ ਜਾਂ ਕਿਸੇ ਬੁਰੀ ਨਜ਼ਰ ਦਾ ਸਾਇਆ ਵੀ ਆਪਣਾ ਰਸਤਾ ਬਦਲ ਲੈਂਦਾ ਹੈ।


ਕੁੰਭ ਰਾਸ਼ੀ : ਕੁੰਭ ਰਾਸ਼ੀ ਦਾ ਸੁਆਮੀ ਸ਼ਨੀ ਗ੍ਰਹਿ ਹੈ। ਪੌਰਾਣਿਕ ਕਥਾ ਅਨੁਸਾਰ ਹਨੂੰਮਾਨ ਜੀ ਨੇ ਹੀ ਸ਼ਨੀ ਦੇਵ ਨੂੰ ਰਾਵਣ ਦੀ ਕੈਦ ਤੋਂ ਆਜ਼ਾਦ ਕਰਵਾਇਆ ਸੀ, ਇਸ ਲਈ ਇਸ ਰਾਸ਼ੀ 'ਤੇ ਉਨ੍ਹਾਂ ਦੀ ਖਾਸ ਕਿਰਪਾ ਰਹਿੰਦੀ ਹੈ। ਬਜਰੰਗਬਲੀ ਜੀ ਦੇ ਆਸ਼ੀਰਵਾਦ ਨਾਲ ਇਨ੍ਹਾਂ ਨੂੰ ਕਰਜ਼, ਤਣਾਅ ਅਤੇ ਸਿਹਤ ਸਬੰਧੀ ਸਮੱਸਿਆਵਾਂ ਤੋਂ ਮੁਕਤੀ ਮਿਲਦੀ ਹੈ ਅਤੇ ਘਰ ਦੀ ਨਕਾਰਾਤਮਕਤਾ ਦੂਰ ਹੁੰਦੀ ਹੈ।

# ਟੀ.ਪੀ.ਏ.ਆਰ. ਕਲੱਬ ਦਾ 10 ਕਿਲੋਮੀਟਰ ਤੇਜ਼-ਤਰਾਰ ਦੌੜਾਕ - ਨਿਰਮਲ ਗਿੱਲ











ਡਾ. ਸੁਖਦੇਵ ਸਿੰਘ ਝੰਡ
+1 647-567-9128

ਖੇਡਾਂ ਸਰੀਰਕ ਤੇ ਮਾਨਸਿਕ ਆਰੋਗਤਾ ਅਤੇ ਸਰੀਰ ਦੀ ਤੰਦਰੁਸਤੀ ਲਈ ਜ਼ਰੂਰੀ ਹਨ। ਇਹ ਸਾਡੇ ਸਰੀਰ ਅਤੇ ਦਿਮਾਗ਼ ਨੂੰ ਚੁਸਤ-ਦਰੁੱਸਤ ਰੱਖਦੀਆਂ ਹਨ। ਅੰਗਰੇਜ਼ੀ ਕਹਾਵਤ "A sound mind in a sound body" ਸਧਾਰਨ ਭਾਸ਼ਾ 'ਚ ਲਿਖੇ ਗਏ ਇਨ੍ਹਾਂ ਸ਼ਬਦਾਂ ਦੀ ਪ੍ਰੋੜ੍ਹਤਾ ਕਰਦੀ ਹੈ। ਜੀਵਨ ਵਿੱਚ ਖ਼ੁਸ਼ ਰਹਿਣ ਅਤੇ ਖੇਡਣ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਪੰਜਵੇਂ ਗੁਰੂ ਅਰਜਨ ਦੇਵ ਜੀ ਵੱਲੋਂ ਮਨੁੱਖ ਨੂੰ ਹੱਸਣ, ਖੇਡਣ, ਚੰਗਾ ਪਹਿਨਣ ਤੇ ਖਾਣ-ਪੀਣ ਦਾ ਆਦੇਸ਼ ਦਿੱਤਾ ਹੈ ਅਤੇ ਇਸ ਨੂੰ ਮੋਖਸ਼ ਪ੍ਰਾਪਤੀ ਦੀ ਜੁਗਤ ਕਿਹਾ ਹੈ: ਨਾਨਕ ਸਤਿਗੁਰ ਭੇਟੀਐ ਪੂਰੀ ਹੋਵੈ ਜੁਗਤ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥
(ਸ੍ਰੀ ਗੁਰੂ ਗਰੰਥ ਸਾਹਿਬ, ਪੰਨਾ-522)

ਅਸੀਂ ਵੇਖਦੇ ਹਾਂ ਕਿ ਸੰਸਾਰ ਪੱਧਰ 'ਤੇ ਮਸ਼ਹੂਰ ਅਤੇ ਮਹੱਤਵਪੂਰਨ ਖੇਡਾਂ ਹਾਕੀ, ਫੁੱਟਬਾਲ, ਬੇਸਬਾਲ, ਬਾਸਕਟਬਾਲ, ਆਦਿ ਸਾਰੀਆਂ ਖੇਡਾਂ ਦੌੜਨ ਦੇ ਨਾਲ ਸਬੰਧਿਤ ਹਨ। ਦਰਅਸਲ, ਇਨ੍ਹਾਂ ਖੇਡਾਂ ਦਾ ਆਧਾਰ ਹੀ ਦੌੜ ਹੈ ਅਤੇ ਇਨ੍ਹਾਂ ਵਿੱਚ ਤੇਜ਼ ਤੇ ਵਧੀਆ ਤਕਨੀਕ ਨਾਲ ਦੌੜਨ ਵਾਲੇ ਖਿਡਾਰੀ ਹੀ ਕਾਮਯਾਬ ਹੁੰਦੇ ਹਨ। ਦੌੜ ਵਿੱਚ ਸਰੀਰ ਅਤੇ ਮਨ ਦੋਵੇਂ ਹੀ ਸ਼ਾਮਲ ਹੁੰਦੇ ਹਨ। ਉਂਜ ਤਾਂ ਦੌੜਨ ਲੱਗਿਆਂ ਸਰੀਰ ਦੇ ਸਾਰੇ ਹੀ ਅੰਗ ਹਰਕਤ ਵਿੱਚ ਆਉਂਦੇ ਹਨ ਪਰ ਇਸ ਦੌਰਾਨ ਇਸਦੇ ਸੱਭ ਤੋਂ ਮਹੱਤਵਪੂਰਨ ਅੰਗਾਂ ਦਿਲ ਅਤੇ ਦਿਮਾਗ਼ ਦੋਹਾਂ ਨੂੰ ਹੀ ਵਿਸ਼ੇਸ਼ ਕੰਮ ਕਰਨਾ ਪੈਂਦਾ ਹੈ। ਦੌੜਦੇ ਸਮੇਂ ਦਿਲ ਦੀ ਧੜਕਣ ਵੱਧ ਜਾਂਦੀ ਹੈ ਅਤੇ ਨਾਲ ਹੀ ਦਿਮਾਗ਼ ਉੱਪਰ ਵੀ ਵਧੇਰੇ ਜ਼ੋਰ ਪੈਂਦਾ ਹੈ। ਦੌੜਾਕ ਨੂੰ ਆਪਣੇ ਪੈਰ ਸੋਚ ਸਮਝ ਕੇ ਅੱਗੇ ਵਧਾਉਣੇ ਪੈਂਦੇ ਹਨ, ਖ਼ਾਸ ਤੌਰ 'ਤੇ ਜੇਕਰ ਦੌੜ ਦਾ ਮਾਰਗ ਪੱਧਰਾ ਤੇ ਸਾਫ਼ ਹੋਣ ਦੀ ਬਜਾਏ ਉੱਚਾ-ਨੀਵਾਂ ਹੋਵੇ। ਦੌੜਨ ਦੀ ਵਿਸ਼ੇਸ਼ਤਾ ਹੈ ਕਿ ਇਸਦੇ ਲਈ ਕਿਸੇ ਵਿਸ਼ੇਸ਼ ਖੇਡ-ਸਮਾਨ ਦੀ ਲੋੜ ਨਹੀਂ ਹੈ। ਕੋਈ ਵੀ ਦੌੜਾਕ ਇਕੱਲਾ ਜਾਂ ਆਪਣੇ ਹਮ-ਖ਼ਿਆਲ ਸਾਥੀਆਂ ਦੇ ਨਾਲ ਦੌੜ ਸਕਦਾ ਹੈ।

ਅੱਜ ਅਸੀਂ ਜਿਹੜੇ ਦੌੜਾਕ ਦੀ ਗੱਲ ਕਰਨ ਲੱਗੇ ਹਾਂ, ਉਹ ਇਕਹਿਰੇ ਜਿਹੇ ਛੀਟਕੇ ਸਰੀਰ ਦਾ ਮਾਲਕ ਨਿਰਮਲ ਗਿੱਲ ਪ੍ਰਾਇਮਰੀ ਸਕੂਲ 'ਚ ਪੜ੍ਹਦੇ ਸਮੇਂ ਛੋਟੀਆਂ-ਛੋਟੀਆਂ ਦੌੜਾਂ ਲਾਉਂਦਾ ਰਿਹਾ ਹੈ ਅਤੇ ਦੌੜਦਿਆਂ ਹੋਇਆਂ ਉਹ ਆਪਣੇ ਜਮਾਤੀਆਂ ਤੋਂ ਕਾਫ਼ੀ ਨਿਕਲ ਲੰਘ ਜਾਂਦਾ ਸੀ। ਉਸਦਾ ਜਨਮ 15 ਮਾਰਚ 1964 ਨੂੰ ਜ਼ਿਲਾ ਫ਼ਰੀਦਕੋਟ (ਹੁਣ ਮੋਗਾ) ਦੇ ਪਿੰਡ ਝੰਡੇਵਾਲ ਵਿਖੇ ਸ. ਬੰਤਾ ਸਿੰਘ ਗਿੱਲ ਅਤੇ ਮਾਤਾ ਗੁਰਦੀਪ ਕੌਰ ਦੇ ਘਰ ਹੋਇਆ ਅਤੇ ਪ੍ਰਾਇਮਰੀ ਤੇ ਹਾਈ ਸਕੂਲ ਪਿੰਡ ਵਿੱਚ ਹੋਣ ਕਰਕੇ ਉਹ 'ਕੱਚੀ-ਪੱਕੀ' ਤੋਂ ਲੈ ਕੇ ਦਸਵੀਂ ਤੱਕ ਉਹ ਆਪਣੇ ਪਿੰਡ ਝੰਡੇਵਾਲ ਹੀ ਪੜ੍ਹਿਆ। ਪ੍ਰਾਇਮਰੀ ਸਕੂਲ ਵਿੱਚ ਦੌੜਨ ਸਮੇਂ ਅਧਿਆਪਕਾਂ ਵੱਲੋਂ ਉਸਨੂੰ 'ਸ਼ਾਬਾਸ਼' ਤਾਂ ਮਿਲਦੀ ਸੀ ਪਰ ਉਦੋਂ ਪ੍ਰਾਇਮਰੀ ਪੱਧਰ 'ਤੇ ਖੇਡ-ਮੁਕਾਬਲੇ ਨਾ ਹੋਣ ਕਾਰਨ ਉਹ ਕਿਸੇ ਦੌੜ ਮੁਕਾਬਲੇ ਵਿੱਚ ਹਿੱਸਾ ਨਹੀਂ ਲੈ ਸਕਿਆ। ਅਲਬੱਤਾ! ਹਾਈ ਸਕੂਲਾਂ ਵਿੱਚ ਉਸ ਸਮੇਂ ਫੁੱਟਵਾਲ, ਕਬੱਡੀ, ਹਾਕੀ, ਵਾਲੀਬਾਲ, ਬੈਡਮਿੰਟਨ ਆਦਿ ਖੇਡਾਂ ਦੇ ਜ਼ੋਨਲ ਅਤੇ ਜ਼ਿਲਾ ਪੱਧਰ ਦੇ ਟੂਰਨਾਮੈਂਟਾਂ ਦੌਰਾਨ ਅਥਲੈਟਿਕਸ ਦੇ ਮੁਕਾਬਲੇ ਵੀ ਹੋਇਆ ਕਰਦੇ ਸਨ। ਹਾਈ ਸਕੂਲ ਵਿੱਚ ਨਿਰਮਲ ਨੇ 100 ਮੀਟਰ ਤੇ 200 ਮੀਟਰ ਦੌੜਾਂ ਅਤੇ ਬੈਡਮਿੰਟਨ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਇਨ੍ਹਾਂ ਵਿੱਚ ਕਈ ਵਾਰ ਉਹ ਪਹਿਲੀਆਂ ਪੋਜ਼ੀਸ਼ਨਾਂ 'ਤੇ ਆਇਆ।

ਦਸੰਬਰ 1980 ਨੂੰ ਉਹ ਆਪਣੇ ਵੱਡੇ ਭਰਾ ਪਰਮਿੰਦਰ ਸਿੰਘ ਗਿੱਲ ਕੋਲ ਮਿਸੀਸਾਗਾ ਆ ਗਿਆ। ਪਰਮਿੰਦਰ ਗਿੱਲ ਆਪਣੇ ਸਮੇਂ ਦਾ ਕਬੱਡੀ ਦਾ ਵਧੀਆ ਖਿਡਾਰੀ ਰਿਹਾ ਹੈ। ਕੈਨੇਡਾ ਆ ਕੇ ਉਸਨੇ ਆਪਣੀ 'ਓਨਟਾਰੀਓ ਕਬੱਡੀ ਕਲੱਬ' ਬਣਾਈ ਅਤੇ ਕੈਨੇਡਾ ਦੀ ਕਬੱਡੀ ਫ਼ੈੱਡਰੇਸ਼ਨ ਦੇ ਸਹਿਯੋਗ ਨਾਲ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਬੱਡੀ ਮੁਕਾਬਲੇ ਕਰਵਾਏ। ਵੱਡੇ ਭਰਾ ਦੇ 'ਵੱਡਾ' ਆਸਰਾ ਅਤੇ ਹੌਸਲਾ ਹੋਣ ਸਦਕਾ ਨਿਰਮਲ ਨੂੰ ਕੈਨੇਡਾ ਕੇ ਆਮ ਪਰਵਾਸੀਆਂ ਵਾਂਗ ਮੁਸ਼ਕਲਾਂ ਦਾ ਖ਼ਾਸ ਸਾਹਮਣਾ ਨਹੀਂ ਕਰਨਾ ਪਿਆ। ਇੱਥੇ ਉਸਨੂੰ ਰਿਹਾਇਸ਼ ਤੇ ਖਾਣ-ਪੀਣ ਦੀ ਮੁਸ਼ਕਲ ਪੇਸ਼ ਨਹੀਂ ਆਈ ਅਤੇ ਵੱਡੇ ਭਰਾ ਦੀ ਇੱਥੋਂ ਦੇ ਕੰਮਾਂ ਬਾਰੇ ਚੰਗੀ ਜਾਣਕਾਰੀ ਹੋਣ ਸਦਕਾ ਉਸਨੂੰ ਇੱਥੇ ਕੰਮ ਵੀ ਕਾਫ਼ੀ ਆਸਾਨੀ ਨਾਲ ਮਿਲ ਗਿਆ। ਇਸਦੇ ਨਾਲ ਹੀ ਅੱਗੇ ਜਾ ਕੇ 2017 ਵਿੱਚ ਉਸਨੂੰ ਟੀ.ਪੀ.ਏ.ਆਰ. ਕਲੱਬ ਨਾਲ ਜੁੜਨ ਦਾ ਮਸ਼ਵਰਾ ਵੀ ਪਰਮਿੰਦਰ ਕੋਲੋਂ ਹੀ ਮਿਲਿਆ।

ਕੈਨੇਡਾ ਆ ਕੇ ਨਿਰਮਲ ਨੇ ਸੋਫ਼ੇ ਬਨਾਉਣ ਵਾਲੀ ਇੱਕ ਕੰਪਨੀ 'ਬੌਘੋਸ' ਵਿੱਚ ਸਾਥੀ ਵਰਕਰਾਂ ਨਾਲ ਸੋਫ਼ੇ ਤਿਆਰ ਕਰਨ ਦਾ ਕੰਮ ਕੀਤਾ ਅਤੇ ਸੋਫ਼ੇ ਬਨਾਉਣ ਵਿੱਚ ਚੰਗੀ ਮੁਹਾਰਤ ਹਾਸਲ ਕਰ ਲਈ। ਇੱਥੇ ਹਾਸਲ ਹੋਇਆ ਤਜਰਬਾ ਉਸ ਨੂੰ ਇੱਕ ਵੱਡੇ ਫ਼ਰਨੀਚਰ ਹਾਊਸ 'ਰੀਜੈਂਸੀ ਸੋਫ਼ਾ' ਦੀ ਗਾਹਕ-ਸੇਵਾ (Customer Service) ਵਿੱਚ 'ਸੇਲਜ਼ ਪਰਸਨ' ਵਜੋਂ ਨੌਕਰੀ ਪ੍ਰਾਪਤ ਕਰਨ ਵਿੱਚ ਕਾਫ਼ੀ ਸਹਾਈ ਹੋਇਆ। ਫਿਰ ਸੋਫ਼ੇ ਬਨਾਉਣ ਦੇ ਤਜਰਬੇ ਦਾ ਲਾਭ ਉਠਾਉਂਦਿਆਂ ਹੋਇਆਂ ਉਸਨੇ ਸੋਫ਼ਿਆਂ ਉੱਪਰ ਕੱਪੜੇ ਚੜ੍ਹਾਉਣ ਦਾ ਆਪਣਾ ਕੰਮ ਆਰੰਭ ਕਰ ਲਿਆ, ਜਿਸ ਨੂੰ ਉਹ ਹੁਣ ਇਸ ਸਮੇ ਬਾਖ਼ੂਬੀ ਕਰ ਰਿਹਾ ਹੈ। ਇਸ ਦੌਰਾਨ ਨਿਰਮਲ ਗਿੱਲ ਨੇ ਸ਼ਾਮ ਨੂੰ ਕੰਮ ਤੋਂ ਆ ਕੇ ਦੌੜਨ ਦਾ ਅਭਿਆਸ ਜਾਰੀ ਰੱਖਿਆ ਅਤੇ ਉਹ ਦੌੜ ਮੁਕਾਬਲਿਆਂ ਵਿੱਚ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜਾਂ ਵਿੱਚ ਹਿੱਸਾ ਲੈਂਦਾ ਰਿਹਾ।

ਉਸ ਨੇ ਕੈਨੇਡਾ ਵਿੱਚ ਹਰ ਸਾਲ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਜਾਂਦੀ 'ਇੰਸਪੀਰੇਸ਼ਨਲ ਸਟੈੱਪਸ-2015' ਵਿੱਚ ਪਹਿਲੀ ਵਾਰ ਮੈਰਾਥਨ ਦੌੜ ਵਿੱਚ ਭਾਗ ਲਿਆ। ਇਸ ਦੌਰਾਨ ਹੋਈ ਦਿਲਚਸਪ ਹੱਡ-ਬੀਤੀ ਬਾਰੇ ਉਸਨੇ ਦੱਸਿਆ ਕਿ ਉਦੋਂ ਤੱਕ ਉਹ 10-12 ਕਿਲੋਮੀਟਰ ਦੌੜ ਤਾਂ ਬੜੀ ਆਸਾਨੀ ਨਾਲ ਲਗਾ ਲੈਂਦਾ ਸੀ ਪਰ ਇਸ ਤੋਂ ਲੰਮੀ ਦੌੜ ਦਾ ਉਸਦਾ ਅਭਿਆਸ ਨਹੀਂ ਸੀ। ਨਿਰਮਲ ਨੇ ਦੱਸਿਆ ਕਿ ਇਸ 'ਇੰਸਪੀਰੇਸ਼ਨਲ ਸਟੈੱਪਸ-2015' ਵਿੱਚ ਉਸਨੇ ਆਪਣਾ ਨਾਂ 'ਫੁੱਲ ਮੈਰਾਥਨ' ਲਈ ਰਜਿਸਟਰ ਕਰਵਾ ਲਿਆ ਜੋ ਸਕਾਰਬਰੋ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਕਈ ਵੱਖ-ਵੱਖ ਗੁਰਦੁਆਰਿਆਂ ਤੋਂ ਹੁੰਦੀ ਹੋਈ ਡਿਕਸੀ ਗੁਰੂਘਰ ਆ ਕੇ ਸਮਾਪਤ ਹੋਣੀ ਸੀ। ਇਸ ਦੌੜ ਦੇ ਅੱਧ ਕੁ ਤੱਕ ਤਾਂ ਉਹ ਬੜੇ ਆਰਾਮ ਨਾਲ ਦੌੜਦਾ ਗਿਆ ਪਰ ਫਿਰ ਬਾਅਦ ਵਿੱਚ ਉਸ ਦੀਆਂ ਲੱਤਾਂ ਫੁੱਲਣੀਆਂ ਸ਼ੁਰੂ ਹੋ ਗਈ ਅਤੇ ਸਾਹ ਵੀ ਕਾਫ਼ੀ ਚੜ੍ਹਨ ਲੱਗਿਆ। ਉਸਦੇ ਨਾਲ-ਨਾਲ ਦੌੜ ਰਹੇ ਸਾਥੀ ਤੇਜਿੰਦਰ ਗਰੇਵਾਲ ਦਾ ਵੀ ਏਹੀ ਹਾਲ ਸੀ। ਦੋਹਾਂ ਨੇ ਪਹਿਲਾਂ ਇਹ ਦੌੜ ਅੱਧ-ਵਿਚਾਲੇ ਹੀ ਛੱਡਣ ਬਾਰੇ ਸੋਚਿਆ ਪਰ ਥੋੜ੍ਹਾ ਜਿਹਾ ਸਾਹ ਲੈਣ ਤੋਂ ਬਾਅਦ ਉਹ ਫਿਰ ਚੱਲ ਪਏ ਅਤੇ ਬਾਕੀ ਰਹਿੰਦੀ ਦੌੜ ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਹੌਲ਼ੀ-ਹੌਲ਼ੀ ਚੱਲ ਕੇ ਮਸਾਂ ਹੀ ਪੂਰੀ ਕੀਤੀ। ਇਸ ਤੋਂ ਬਾਅਦ ਨਿਰਮਲ ਗਿੱਲ ਨੇ 'ਫੁੱਲ-ਮੈਰਾਥਨ' ਦੌੜ ਵੱਲ ਮੂੰਹ ਨਹੀ ਕੀਤਾ ਅਤੇ ਉਹ 5 ਕਿਲੋਮੀਟਰ, 10 ਕਿਲੋਮੀਟਰ ਅਤੇ ਹਾਫ਼- ਮੈਰਾਥਨ ਹੀ ਦੌੜਦਾ ਰਿਹਾ।

ਇਸਦੇ ਨਾਲ ਹੀ ਉਸਨੇ ਸਮੇਂ-ਸਮੇਂ ਦੌੜ ਦੇ ਕਈ ਹੋਰ ਮਹੱਤਵਪੂਰਨ ਈਵੈਂਟਾਂ ਵਿੱਚ ਭਾਗ ਲਿਆ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਹਾਫ਼-ਮੈਰਾਥਨ ਵਿੱਚ ਉਸਨੇ 2018 ਵਿੱਚ ਉਸਨੇ ਪਹਿਲੀ ਵਾਰ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਵਜੋਂ 'ਮਿਸੀਸਾਗਾ ਮੈਰਾਥਨ' ਦੇ 2018 ਈਵੈਂਟ ਵਿੱਚ ਹਿੱਸਾ ਲਿਆ। ਉਸ ਤੋਂ ਅਗਲੇ ਸਾਲ 2019 ਵਿੱਚ ਉਸਨੇ ਫਿਰ ਇਸ ਵਿੱਚ 10 ਕਿਲੋਮੀਟਰ ਤੇ ਹਾਫ਼-ਮੈਰਾਥਨ ਵਿੱਚ ਭਾਗ ਲਿਆ ਅਤੇ 10 ਕਿਲੋਮੀਟਰ ਵਿੱਚ ਆਪਣੇ ਉਮਰ-ਵਰਗ (52 ਤੋਂ 59 ਸਾਲ) ਵਿੱਚ ਉਹ ਪਹਿਲੇ ਨੰਬਰ 'ਤੇ ਆਇਆ, ਜਿਸ ਤੋਂ ਉਸਨੂੰ ਬਹੁਤ ਹੌਸਲਾ ਅਤੇ ਉਤਸ਼ਾਹ ਮਿਲਿਆ।

2. ਇੱਥੇ ਵਰਨਣਯੋਗ ਹੈ ਕਿ 2020 ਵਿੱਚ ਕੋਵਿਡ-19 ਮਹਾਂਮਾਰੀ ਫ਼ੈਲਣ ਕਰਕੇ 2020 ਅਤੇ 2021 ਦੌਰਾਨ ਦੋ ਸਾਲ ਖੇਡਾਂ ਦਾ ਕੋਈ ਵੀ ਈਵੈਂਟ ਨਾ ਹੋ ਸਕਿਆ ਅਤੇ 2022 ਵਿੱਚ ਉਹ 'ਮਿਸੀਸਾਗਾ ਰਨ' ਦੇ 10 ਕਿਲੋਮੀਟਰ ਈਵੈਂਟ ਵਿੱਚ ਆਪਣੇ ਉਮਰ-ਵਰਗ ਵਿੱਚ ਪਹਿਲੇ ਨੰਬਰ 'ਤੇ ਰਿਹਾ।

3. 'ਓਕਵਿਲ ਹਾਫ਼-ਮੈਰਾਥਨ' ਵਿੱਚ ਉਸਨੇ 2018 ਅਤੇ 2019 ਵਿੱਚ ਦੋ ਵਾਰ ਭਾਗ ਲਿਆ।

4. ਟੋਰਾਂਟੋ ਡਾਊਨ ਟਾਊਨ ਵਿੱਚ ਹੋਣ ਵਾਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਵਿੱਚ ਉਹ 2018, 2019, 2022 ਅਤੇ 2024 ਵਿੱਚ ਚਾਰ ਵਾਰੀ ਹਾਫ਼-ਮੈਰਾਥਨ ਲਈ ਦੌੜਿਆ।

5. 'ਜੌਰਜਿਨਾ 10 ਕਿਲੋਮੀਟਰ ਦੌੜ' ਉਸਨੇ ਪਹਿਲੀ ਵਾਰ 2022 ਵਿੱਚ ਲਗਾਈ ਅਤੇ ਇਸ ਵਿੱਚ ਆਪਣੇ ਉਮਰ-ਵਰਗ ਵਿੱਚ ਤੀਸਰੇ ਨੰਬਰ 'ਤੇ ਆਇਆ, ਦੂਸਰੀ ਵਾਰ 2024 ਵਿੱਚ ਉਹ ਫਿਰ ਤੀਸਰੇ ਨੰਬਰ 'ਤੇ ਰਿਹਾ ਪਰ 2025 ਵਿੱਚ ਤੀਸਰੀ ਵਾਰ ਇਸ ਵਿੱਚ ਪਹਿਲੇ ਨੰਬਰ 'ਤੇ ਆ ਕੇ ਉਸਨੇ ਗੋਲਡ ਮੈਡਲ ਹਾਸਲ ਕੀਤਾ।

6. 'ਪੀਟਰਬੋਰੋ ਬਟਰਫ਼ਲਾਈ 10 ਕਿਲੋਮੀਟਰ ਰਨ' ਨਿਰਮਲ ਗਿੱਲ ਨੇ 2024 ਅਤੇ 2025 ਵਿੱਚ ਦੋ ਵਾਰ ਲਗਾਈ। ਇਹ ਇੱਕ 'ਚੈਰਿਟੀ ਰਨ' ਹੈ ਅਤੇ ਇਸ ਵਿੱਚ ਪਹਿਲੀਆਂ ਪੋਜ਼ੀਸ਼ਨਾਂ 'ਤੇ ਆਉਣ ਵਾਲਿਆਂ ਨੂੰ ਕੋਈ ਵਿਸ਼ੇਸ਼ ਮੈਡਲ ਨਹੀਂ ਦਿੱਤੇ ਜਾਂਦੇ। ਉਂਜ, ਇਸ ਵਿੱਚ ਭਾਗ ਲੈਣ ਵਾਲੇ ਸਾਰੇ ਦੌੜਾਕਾਂ ਨੂੰ 'ਤਿਤਲੀ' ਦੀ ਸ਼ਕਲ ਵਾਲੇ ਖ਼ੂਬਸੂਰਤ ਮੈਡਲਾਂ ਨਾਲ ਸਨਮਾਨਿਆ ਜਾਂਦਾ ਹੈ।

7. ਪੀਲ ਪੋਲੀਸ ਵੱਲੋਂ ਹਰ ਸਾਲ ਕਰਵਾਈ ਜਾਂਦੀ 'ਰੇਸ ਅਗੇਨਸਟ ਰੇਸਿਜ਼ਮ' ਵਿੱਚ ਉਸ ਨੇ 10 ਕਿਲੋਮੀਟਰ ਦੌੜ ਵਿੱਚ ਪਹਿਲੀ ਵਾਰ 2025 ਵਿੱਚ ਭਾਗ ਲਿਆ ਅਤੇ ਇਸ ਵਿੱਚ ਆਪਣੇ ਉਮਰ-ਵਰਗ ਵਿੱਚ ਉਹ ਤੀਸਰੇ ਨੰਬਰ 'ਤੇ ਆਇਆ। ਏਸੇ ਤਰ੍ਹਾਂ 'ਬਰੈਂਪਟਨ ਹਾਫ਼-ਮੈਰਾਥਨ' ਵਿੱਚ 2025 ਵਿੱਚ ਪਹਿਲੀ ਵਾਰ ਹਿੱਸਾ ਲੈ ਕੇ ਇਸ ਵਿੱਚ ਉਹ ਇਸ ਵਿੱਚ ਦੂਸਰੇ ਨੰਬਰ 'ਤੇ ਰਿਹਾ।

ਇਸਦੇ ਨਾਲ ਹੀ ਨਿਰਮਲ ਗਿੱਲ ਨੇ 2025 ਵਿੱਚ ਟੀ.ਪੀ.ਏ.ਆਰ. ਕਲੱਬ ਦੇ ਸਹਿਯੋਗੀ ਮੈਂਬਰਾਂ ਨਲ 'ਸੀ.ਐੱਨ. ਟਾਵਰ' ਦੀਆਂ ਪੌੜੀਆਂ ਚੜ੍ਹਨ ਦੇ ਮੁਕਾਬਲੇ ਵਿੱਚ ਵੀ ਭਾਗ ਲਿਆ ਅਤੇ ਇਹ 1776 ਪੌੜੀਆਂ ਬਿਨਾਂ ਕਿਸੇ ਅਭਿਆਸ ਦੇ 21 ਮਿੰਟਾਂ ਵਿੱਚ ਚੜ੍ਹੀਆਂ। ਇਹ ਉਸਦੀ ਦੌੜ ਦੀ ਪ੍ਰੈਕਟਿਸ ਅਤੇ ਸਮੇਂ-ਸਮੇਂ ਦੌੜ-ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹਿਣ ਦਾ ਨਤੀਜਾ ਸੀ, ਵਰਨਾ ਇਹ ਪੌੜੀਆਂ ਚੜ੍ਹਨ ਲਈ ਕਈ ਤਾਂ ਪਹਿਲਾਂ ਕਈ-ਕਈ ਦਿਨ ਕਿਸੇ ਨਾ ਕਿਸੇ ਬਹੁ-ਮੰਜ਼ਲੀ ਇਮਾਰਤ (ਟਾਵਰ) ਦੀਆਂ ਪੌੜੀਆਂ ਚੜ੍ਹਨ ਦਾ ਅਭਿਆਸ ਕਰਦੇ ਹਨ।

ਆਪਣੀ 'ਰੁਟੀਨ' ਬਾਰੇ ਗੱਲ ਕਰਦਿਆਂ ਨਿਰਮਲ ਨੇ ਦੱਸਿਆ ਕਿ ਉਹ ਸਵੇਰੇ 8.00 ਵਜੇ ਸੋਫ਼ਿਆਂ ਵਾਲੇ ਆਪਣੇ ਕੰਮ 'ਤੇ ਲੱਗ ਜਾਂਦਾ ਹੈ ਅਤੇ ਇਸ ਦੌਰਾਨ ਖਾਣੇ ਅਤੇ ਚਾਹ ਪੀਣ ਦੀਆਂ 'ਸਵੈ-ਇੱਛਤ ਬਰੇਕਾਂ' ਲੈ ਕੇ ਸ਼ਾਮ ਦੇ 5.00 ਵਜੇ ਤੱਕ ਇਹ ਕੰਮ ਕਰਦਾ ਹੈ। ਉਸਦੇ ਇਸ ਕੰਮ ਨੂੰ ਲੋਕਾਂ ਵੱਲੋਂ ਕਾਫ਼ੀ ਸਲਾਹਿਆ ਗਿਆ ਹੈ ਅਤੇ ਇਸ ਤਰ੍ਹਾਂ ਉਸਨੂੰ ਇਹ ਕੰਮ ਸਾਰਾ ਸਾਲ ਹੀ ਮਿਲਦਾ ਰਹਿੰਦਾ ਹੈ। ਜਦੋਂ ਕਿਤੇ ਕੰਮ ਘੱਟ ਹੋਵੇ ਤਾਂ ਉਹ ਇਹ ਸਮਾਂ ਦੌੜ ਦੇ ਹੋਰ ਵਧੇਰੇ ਅਭਿਆਸ ਨੂੰ ਦਿੰਦਾ ਹੈ। ਉਂਜ, ਆਮ ਤੌਰ 'ਤੇ ਉਹ ਸ਼ਾਮ ਨੂੰ ਸਵਾ ਕੁ ਪੰਜ ਵਜੇ ਦੌੜਨ ਲਈ ਨਿਕਲ ਪੈਂਦਾ ਹੈ ਅਤੇ 'ਗਲੈਂਨ ਐਰਨ ਟਰੇਲ' 'ਤੇ ਰੋਜ਼ 12 ਕਿਲੋਮੀਟਰ ਦੌੜਨ ਦੀ ਪ੍ਰੈਕਟਿਸ ਕਰਦਾ ਹੈ। ਇੱਥੇ ਉਹ ਆਮ ਤੌਰ 'ਤੇ ਇਕੱਲਾ ਹੀ ਦੌੜਦਾ ਹੈ ਪਰ ਕਈ ਵਾਰ ਇਸ ਦੌਰਾਨ ਦੂਸਰੇ ਪਾਸਿਉਂ 'ਸੁਕੇਅਰ-ਵੰਨ' ਵੱਲੋਂ ਆ ਰਹੇ 'ਸਿਕਸ ਸਟਾਰ ਮੈਰਾਥਨ ਦੌੜਾਕ' ਸੂਰਤ ਸਿੰਘ ਚਾਹਲ ਨਾਲ ਉਸਦਾ ਮੇਲ਼ ਹੋ ਜਾਂਦਾ ਹੈ ਜੋ ਲੰਮੀ ਦੌੜ ਦੌੜਨ ਲਈ ਹੌਸਲਾ-ਅਫ਼ਜ਼ਾਈ ਕਰ ਰਿਹਾ ਹੈ ਅਤੇ ਕੋਚ ਵਜੋਂ ਇਸਦੇ ਲਈ ਲੋੜੀਂਦੀ ਸਿਖਲਾਈ ਵੀ ਦੇ ਰਿਹਾ ਹੈ। ਸਰੀਰਕ ਫਿੱਟਨੈੱਸ ਲਈ ਉਹ ਹਫ਼ਤੇ ਵਿੱਚ ਚਾਰ- ਪੰਜ ਦਿਨ ਜਿੰਮ ਵੀ ਜਾਂਦਾ ਹੈ।

ਦੌੜਨ ਤੋਂ ਇਲਾਵਾ ਕਿਸੇ ਹੋਰ ਸ਼ੁਗਲ ਬਾਰੇ ਪੁੱਛਣ 'ਤੇ ਨਿਰਮਲ ਗਿੱਲ ਨੇ ਦੱਸਿਆ ਕਿ 1986 ਵਿੱਚ ਉਸਦੇ ਮਨ ਵਿੱਚ 'ਮਾਰਸ਼ਲ ਆਰਟਸ' ਦੀ ਗੇਮ 'ਕਰਾਟੇ' ਸਿੱਖਣ ਦਾ ਸ਼ੌਕ ਜਾਗਿਆ ਅਤੇ ਉਸਨੇ ਕਰਾਟੇ ਸਿਖਾਉਣ ਵਾਲੇ ਇੱਕ ਕੇਂਦਰ ਵਿੱਚ ਦਾਖ਼ਲਾ ਲੈ ਲਿਆ। ਵੀਕ-ਐਂਡਜ਼ 'ਤੇ ਜਾ ਕੇ ਸੱਤ-ਅੱਠ ਇਸਦਾ ਅਭਿਆਸ ਕਰਦਾ ਰਿਹਾ ਅਤੇ ਇਸਦੇ 'ਬਲੈਕ ਸਟਰਿੱਪ' ਤੀਕ ਪਹੁੰਚ ਗਿਆ। ਇਸ ਤੋਂ ਅੱਗੇ ਇਸ ਵਿੱਚ 'ਬਲੈਕ ਬੈਲਟ' ਦੀ ਉਚੇਰੀ ਸਟੇਜ 'ਤੇ ਉਸ ਕੋਲੋਂ ਨਾ ਪਹੁੰਚਿਆ ਗਿਆ ਅਤੇ ਉਸਨੇ ਇਹ ਛੱਡਣ ਦਾ ਫ਼ੈਸਲਾ ਕਰ ਲਿਆ।

ਦੌੜਾਂ ਦੇ ਵੱਖ-ਵੱਖ ਈਵੈਂਟਾਂ 'ਤੇ ਜਾਣ ਲਈ ਘਰੋਂ ਮਿਲ ਰਹੇ ਸਹਿਯੋਗ ਬਾਰੇ ਉਸਨੇ ਦੱਸਿਆ ਕਿ ਉਸਦੀ ਪਤਨੀ ਵੱਲੋਂ ਉਸਨੂੰ ਪੂਰਾ ਸਹਿਯੋਗ ਅਤੇ ਹੱਲਾਸ਼ੇਰੀ ਮਿਲ਼ ਰਹੀ ਹੈ। ਉਸਦਾ ਬੇਟਾ ਅਤੇ ਬੇਟੀ ਵੀ ਉਸਨੂੰ ਇਸਦੇ ਲਈ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਨੂੰ ਭਾਵੇਂ ਦੌੜਨ ਦਾ ਸ਼ੌਕ ਨਹੀਂ ਹੈ ਪਰ ਫਿਰ ਵੀ ਉਹ ਦੌੜ ਦੇ ਕਈ ਈਵੈਂਟਾਂ ਵਿੱਚ ਉਸਦੇ ਨਾਲ ਜਾਂਦੇ ਹਨ। ਆਪਣੀ ਰੋਜ਼ਾਨਾ ਖ਼ੁਰਾਕ ਬਾਰੇ ਗੱਲ ਕਰਦਿਆਂ ਉਸਨੇ ਦੱਸਿਆ ਕਿ ਉਹ ਸਾਦਾ ਪੰਜਾਬੀ ਖਾਣਾ ਹੀ ਪਸੰਦ ਕਰਦਾ ਹੈ ਜਿਸ ਵਿੱਚ ਦਾਲ-ਸਬਜ਼ੀ, ਦਹੀਂ, ਪਨੀਰ, ਸਲਾਦ, ਫੁਲਕੇ ਅਤੇ ਕਦੇ-ਕਦੇ ਚੌਲ ਵੀ ਸ਼ਾਮਲ ਹੁੰਦੇ ਹਨ। ਉਹ ਹਫ਼ਤੇ ਵਿੱਚ ਇੱਕ ਵਾਰ ਚਿੱਕਨ ਲੈਂਦਾ ਹੈ ਪਰ ਗੋਟ-ਮੀਟ, ਵਗ਼ੈਰਾ ਬਿਲਕੁਲ ਨਹੀਂ ਅਤੇ ਜਿੱਥੋਂ ਤੱਕ ਹੋ ਸਕੇ ਬਾਜ਼ਾਰੀ ਖਾਣਾ ਖਾਣ ਤੋਂ ਪ੍ਰਹੇਜ਼ ਕਰਦਾ ਹੈ।

ਨਿਰਮਲ ਗਿੱਲ ਦਾ ਨਿਸ਼ਾਨਾ ਅੱਗੋਂ ਹਾਫ਼-ਮੈਰਾਥਨ ਅਤੇ ਮੈਰਾਥਨ ਦੇ ਮੁਕਾਬਲਿਆਂ ਵੱਲ ਵੱਧਣ ਦਾ ਹੈ ਅਤੇ ਇਸਦੇ ਲਈ ਉਹ ਦੌੜਨ ਦਾ ਲਗਾਤਾਰ ਅਭਿਆਸ ਕਰ ਰਿਹਾ ਹੈ। 10 ਕਿਲੋਮੀਟਰ ਦੌੜਨ ਲਈ ਉਸਦੇ ਵੱਲੋਂ ਲਿਆ ਗਿਆ ਹੁਣ ਤੱਕ ਦਾ ਸੱਭ ਤੋਂ ਘੱਟ ਸਮਾਂ 51 ਮਿੰਟ ਹੈ ਜੋ ਕਿ ਆਪਣੇ ਆਪ ਵਿੱਚ ਬਹੁਤ ਵਧੀਆ ਸਮਾਂ ਹੈ। ਨਿਰਮਲ ਗਿੱਲ ਇਸ ਨੂੰ ਹੋਰ ਘੱਟ ਕਰਨਾ ਚਾਹੁੰਦਾ ਹੈ। ਅਗਲੇ ਸਾਲ 2027 ਦੌਰਾਨ ਉਸਦੀ ਕੋਸ਼ਿਸ਼ ਮੁਕਾਬਲੇ ਵਾਲੀਆਂ ਲੰਮੀਆਂ ਦੌੜਾਂ ਹਾਫ਼-ਮੈਰਾਥਨ ਅਤੇ ਮੈਰਾਥਨ ਲਈ ਕੁਆਲੀਫ਼ਾਈ ਕਰਨ ਦੀ ਹੈ। ਪ੍ਰਮਾਤਮਾ ਉਸ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਬੂਰ ਪਾਵੇ !

# SIP: ਕਰੋੜਪਤੀ ਬਣਾ ਦੇਵੇਗੀ ਇਹ ਸਕੀਮ, ਸਿਰਫ਼ 1000 ਲਾਓ ਤੇ ਕਰੋੜਾਂ ਰੁਪਏ ਪਾਓ

ਲੰਬੇ ਸਮੇਂ ਦੇ ਉਦੇਸ਼ਾਂ ਲਈ ਕੀਤੇ ਗਏ ਨਿਵੇਸ਼ਾਂ ਵਿੱਚ ਮਿਊਚਲ ਫੰਡ SIP ਦਾ ਹਿੱਸਾ ਲਗਾਤਾਰ ਤੇਜ਼ੀ ਨਾਲ ਵੱਧ ਰਿਹਾ ਹੈ। ਅੰਕੜੇ ਦਰਸਾਉਂਦੇ ਹਨ ਕਿ ਮਿਊਚਲ ਫੰਡ SIP ਨੇ ਲੰਬੇ ਸਮੇਂ ਵਿੱਚ ਨਿਵੇਸ਼ਕਾਂ ਨੂੰ ਬਹੁਤ ਜ਼ਿਆਦਾ ਰਿਟਰਨ ਦਿੱਤਾ ਹੈ। ਦਰਅਸਲ ਮਿਊਚਲ ਫੰਡਾਂ ਰਾਹੀਂ ਨਿਵੇਸ਼ਕ ਨਾ ਸਿਰਫ਼ ਆਕਰਸ਼ਕ ਮਾਰਕੀਟ ਰਿਟਰਨ ਪ੍ਰਾਪਤ ਕਰਦੇ ਹਨ, ਸਗੋਂ ਉਨ੍ਹਾਂ ਨੂੰ ਕੰਪਾਊਡਿੰਗ ਦਾ ਵੀ ਜਬਰਦਸਤ ਲਾਭ ਮਿਲਦਾ ਹੈ।

**ਸਿਰਫ਼ 500 ਰੁਪਏ ਨਾਲ ਸ਼ੁਰੂ ਕੀਤੀ ਜਾ ਸਕਦੀ SIP**

ਵਿੱਤੀ ਮਾਹਿਰਾਂ ਦਾ ਮੰਨਣਾ ਹੈ ਕਿ ਲੰਬੇ ਸਮੇਂ ਵਿੱਚ ਮਿਊਚਲ ਫੰਡ SIP ਨਿਵੇਸ਼ਕਾਂ ਨੂੰ ਔਸਤਨ 12 ਪ੍ਰਤੀਸ਼ਤ ਦੀ ਰਿਟਰਨ ਦਿੰਦੀ ਹੈ। ਹਾਲਾਂਕਿ, ਇਸ ਵਿੱਚ ਉਤਰਾਅ-ਚੜ੍ਹਾਅ ਵੀ ਦੇਖੇ ਜਾ ਸਕਦੇ ਹਨ। ਮਿਊਚਲ ਫੰਡ SIP ਵਿੱਚ ਨਿਵੇਸ਼ ਸਿਰਫ਼ 500 ਰੁਪਏ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ। ਇੱਥੇ ਅਸੀਂ SIP ਕੈਲਕੁਲੇਟਰ ਦੀ ਮਦਦ ਨਾਲ ਜਾਣਾਂਗੇ ਕਿ ਵੱਖ-ਵੱਖ ਅਨੁਮਾਨਿਤ ਰਿਟਰਨਾਂ ਤੇ ਵੱਖ-ਵੱਖ ਮਿਆਦਾਂ ਵਿੱਚ 1000 ਰੁਪਏ ਦੀ SIP ਤੋਂ ਕਿੰਨੀ ਕੁੱਲ ਰਿਟਰਨ ਪ੍ਰਾਪਤ ਕੀਤੀ ਜਾ ਸਕਦੀ ਹੈ।

**1000 ਰੁਪਏ ਲਾਓ ਤੇ 35.29 ਲੱਖ ਰੁਪਏ ਪਾਓ**

ਔਨਲਾਈਨ SIP ਕੈਲਕੁਲੇਟਰ ਦੁਆਰਾ ਗਣਨਾ ਕਰਦੇ ਹੋਏ ਇਹ ਜਾਣਿਆ ਗਿਆ ਹੈ ਕਿ ਜੇਕਰ ਤੁਸੀਂ ਹਰ ਮਹੀਨੇ ਸਿਰਫ 1000 ਰੁਪਏ ਦੀ ਬਚਤ ਕਰਦੇ ਹੋ ਤੇ ਇਸ ਨੂੰ SIP ਵਿੱਚ ਨਿਵੇਸ਼ ਕਰਦੇ ਹੋ ਤੇ ਤੁਹਾਨੂੰ 12 ਪ੍ਰਤੀਸ਼ਤ ਦਾ ਅਨੁਮਾਨਿਤ ਸਾਲਾਨਾ ਰਿਟਰਨ ਮਿਲਦਾ ਹੈ, ਤਾਂ 30 ਸਾਲਾਂ ਬਾਅਦ ਤੁਹਾਨੂੰ ਕੁੱਲ 35,29,914 ਰੁਪਏ ਮਿਲਣਗੇ। ਤੁਹਾਡੇ ਦੁਆਰਾ ਹਰ ਮਹੀਨੇ ਨਿਵੇਸ਼ ਕੀਤੀ ਗਈ ਕੁੱਲ ਰਕਮ 3,60,000 ਰੁਪਏ ਹੈ ਤੇ ਅਨੁਮਾਨਤ ਰਿਟਰਨ ਲਗਪਗ 31,69,914 ਰੁਪਏ ਹੈ।

**ਤੁਸੀਂ ਵੀ ਬਣ ਸਕਦੇ ਹੋ ਕਰੋੜਪਤੀ**

ਜੇਕਰ ਤੁਹਾਨੂੰ 1000 ਰੁਪਏ ਦੀ SIP 'ਤੇ ਹਰ ਸਾਲ 15 ਫੀਸਦੀ ਦਾ ਅਨੁਮਾਨਿਤ ਰਿਟਰਨ ਮਿਲਦਾ ਹੈ ਤਾਂ 30 ਸਾਲਾਂ ਬਾਅਦ ਤੁਹਾਨੂੰ 70,09,821 ਰੁਪਏ ਮਿਲਣਗੇ। ਜੇਕਰ ਤੁਹਾਨੂੰ 18 ਫੀਸਦੀ ਦਾ ਅਨੁਮਾਨਿਤ ਰਿਟਰਨ ਮਿਲਦਾ ਹੈ ਤਾਂ 30 ਸਾਲ ਬਾਅਦ ਤੁਹਾਨੂੰ 1,43,25,289 ਰੁਪਏ ਮਿਲਣਗੇ।

**SIP ਨਿਵੇਸ਼ ਵਧਦਾ ਜਾ ਰਿਹਾ**

ਅੰਫੀ ਦੇ ਤਾਜ਼ਾ ਅੰਕੜਿਆਂ ਅਨੁਸਾਰ ਹਰ ਮਹੀਨੇ ਕੀਤਾ ਗਿਆ SIP ਨਿਵੇਸ਼ ਜੂਨ ਵਿੱਚ 21,262 ਕਰੋੜ ਰੁਪਏ ਤੋਂ ਵਧ ਕੇ ਜੁਲਾਈ ਵਿੱਚ 23,332 ਕਰੋੜ ਰੁਪਏ ਹੋ ਗਿਆ ਹੈ। SIP ਵਿੱਚ ਰਿਕਾਰਡ ਨਿਵੇਸ਼ ਕਾਰਨ ਮਿਊਚਲ ਫੰਡਾਂ ਦੀ ਕੁੱਲ AUM ਵੀ ਜੁਲਾਈ ਵਿੱਚ 6 ਫੀਸਦੀ ਵੱਧ ਕੇ 64.69 ਲੱਖ ਕਰੋੜ ਰੁਪਏ ਹੋ ਗਈ ਜੋ ਜੂਨ ਵਿੱਚ 60.89 ਲੱਖ ਕਰੋੜ ਰੁਪਏ ਸੀ।

# 1 ਅਪ੍ਰੈਲ ਤੋਂ ਆ ਰਿਹਾ ਫਾਰਮ 130,

## ਜਾਣੋ ਇਹ ਤਨਖਾਹ ਅਤੇ ਟੈਕਸਾਂ ਨੂੰ ਕਿਵੇਂ ਕਰੇਗਾ ਪ੍ਰਭਾਵਿਤ

ਕੇਂਦਰ ਸਰਕਾਰ ਵੱਲੋਂ ਇਨਕਮ ਟੈਕਸ ਦੇ ਨਿਯਮਾਂ ਵਿੱਚ ਕੀਤੇ ਗਏ ਵੱਡੇ ਬਦਲਾਅ ਹੁਣ ਅਮਲੀ ਰੂਪ ਲੈਣ ਜਾ ਰਹੇ ਹਨ। ਨਵੇਂ ਇਨਕਮ ਟੈਕਸ ਐਕਟ 2025 ਦੇ ਲਾਗੂ ਹੋਣ ਨਾਲ ਦਹਾਕਿਆਂ ਤੋਂ ਚੱਲਿਆ ਆ ਰਿਹਾ 'ਫਾਰਮ-16' (Form-16) ਇਤਿਹਾਸ ਬਣ ਜਾਵੇਗਾ। ਇਸ ਦੀ ਥਾਂ ਹੁਣ 'ਫਾਰਮ-1306 ਲਵੇਗਾ, ਜਿਸ ਨੂੰ ਟੈਕਸ ਪ੍ਰਣਾਲੀ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ।

**ਕੀ ਹੈ ਫਾਰਮ-16 ਅਤੇ ਕਿਉਂ ਹੋ ਰਹੀ ਹੈ ਵਿਦਾਇਗੀ?**

ਹੁਣ ਤੱਕ ਤਨਖ਼ਾਹਦਾਰ ਮੁਲਾਜ਼ਮਾਂ ਲਈ ਫਾਰਮ-16 ਸਭ ਤੋਂ ਅਹਿਮ ਦਸਤਾਵੇਜ਼ ਹੁੰਦਾ ਸੀ। ਇਹ ਇੱਕ ਸਰਟੀਫਿਕੇਟ ਹੁੰਦਾ ਸੀ ਜੋ ਕੰਪਨੀ (Employer) ਆਪਣੇ ਕਰਮਚਾਰੀ ਨੂੰ ਦਿੰਦੀ ਸੀ, ਜਿਸ ਵਿੱਚ ਤਨਖ਼ਾਹ ਅਤੇ ਕੱਟੇ ਗਏ ਟੈਕਸ (TDS) ਦਾ ਪੂਰਾ ਵੇਰਵਾ ਹੁੰਦਾ ਸੀ। ਪਰ ਨਵੇਂ ਐਕਟ ਮੁਤਾਬਕ, ਪੁਰਾਣੇ ਗੁੰਝਲਦਾਰ ਫਾਰਮਾਂ ਨੂੰ ਖ਼ਤਮ ਕਰਕੇ ਪ੍ਰਕਿਰਿਆ ਨੂੰ 'ਡਿਜੀਟਲ ਫਸਟ' (DIGITAL FIRST) ਬਣਾਇਆ ਜਾ ਰਿਹਾ ਹੈ।

**ਫਾਰਮ-130: ਕੀ ਬਦਲੇਗਾ ਤੁਹਾਡੇ ਲਈ?**

ਨਵਾਂ ਫਾਰਮ-130 ਸਿਰਫ਼ ਇੱਕ ਟੈਕਸ ਸਰਟੀਫਿਕੇਟ ਨਹੀਂ ਹੋਵੇਗਾ, ਸਗੋਂ ਇਹ ਇੱਕ 'ਏਕੀਕ੍ਰਿਤ ਟੈਕਸ ਸਟੇਟਮੈਂਟ' ਵਜੋਂ ਕੰਮ ਕਰੇਗਾ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

ਰੀਅਲ-ਟਾਈਮ ਅੱਪਡੇਟ: ਫਾਰਮ-16 ਸਾਲ ਵਿੱਚ ਇੱਕ ਵਾਰ ਮਿਲਦਾ ਸੀ, ਪਰ ਫਾਰਮ-130 ਡਿਜੀਟਲ ਪੋਰਟਲ 'ਤੇ ਰੀਅਲ-ਟਾਈਮ ਵਿੱਚ ਅੱਪਡੇਟ ਹੋਵੇਗਾ।

ਸਾਰੀ ਆਮਦਨ ਇੱਕੋ ਥਾਂ: ਇਸ ਵਿੱਚ ਸਿਰਫ਼ ਤਨਖ਼ਾਹ ਹੀ ਨਹੀਂ, ਸਗੋਂ ਬੈਂਕ ਵਿਆਜ, ਡਿਵੀਡੈਂਡ ਅਤੇ ਹੋਰ ਸਰੋਤਾਂ ਤੋਂ ਹੋਣ ਵਾਲੀ ਕਮਾਈ ਦਾ ਵੇਰਵਾ ਵੀ ਆਪਣੇ-ਆਪ ਦਰਜ ਹੋ ਜਾਵੇਗਾ।

ਪਹਿਲਾਂ ਤੋਂ ਭਰੇ ਹੋਏ ਰਿਟਰਨ : ਫਾਰਮ-130 ਦੇ ਆਉਣ ਨਾਲ ਇਨਕਮ ਟੈਕਸ ਰਿਟਰਨ ਭਰਨਾ ਬੇਹੱਦ ਸੌਖਾ ਹੋ ਜਾਵੇਗਾ ਕਿਉਂਕਿ ਜ਼ਿਆਦਾਤਰ ਜਾਣਕਾਰੀ ਸਿਸਟਮ ਰਾਹੀਂ ਆਪਣੇ-ਆਪ ਚੁੱਕ ਲਈ ਜਾਵੇਗੀ।

**ਟੈਕਸ ਚੋਰੀ 'ਤੇ ਲੱਗੇਗੀ ਲਗਾਮ**

ਮਾਹਰਾਂ ਦਾ ਮੰਨਣਾ ਹੈ ਕਿ ਇਨਕਮ ਟੈਕਸ ਐਕਟ 2025 ਦਾ ਮੁੱਖ ਮਕਸਦ ਟੈਕਸ ਪ੍ਰਣਾਲੀ ਵਿੱਚੋਂ ਮਨੁੱਖੀ ਦਖ਼ਲਅੰਦਾਜ਼ੀ ਘਟਾਉਣਾ ਹੈ। ਫਾਰਮ-130 ਰਾਹੀਂ ਟੈਕਸ ਵਿਭਾਗ ਕੋਲ ਕਰਮਚਾਰੀ ਦੀ ਹਰ ਵਿੱਤੀ ਗਤੀਵਿਧੀ 'ਤੇ ਨਜ਼ਰ ਹੋਵੇਗੀ। ਇਸ ਨਾਲ ਜਾਣਕਾਰੀ ਛੁਪਾਉਣ ਜਾਂ ਟੈਕਸ ਚੋਰੀ ਕਰਨ ਦੀ ਗੁੰਜਾਇਸ਼ ਲਗਭਗ ਖ਼ਤਮ ਹੋ ਜਾਵੇਗੀ।

**ਕਰਮਚਾਰੀਆਂ ਅਤੇ ਕੰਪਨੀਆਂ ਨੂੰ ਕੀ ਹੋਵੇਗਾ ਫਾਇਦਾ?**

ਕੰਪਨੀਆਂ ਲਈ ਹੁਣ ਹਰ ਸਾਲ ਜੂਨ ਮਹੀਨੇ ਵਿੱਚ ਫਾਰਮ-16 ਜਾਰੀ ਕਰਨ ਦੀ ਸਿਰਦਰਦੀ ਖ਼ਤਮ ਹੋਵੇਗੀ। ਦੂਜੇ ਪਾਸੇ, ਕਰਮਚਾਰੀਆਂ ਨੂੰ ਆਪਣੀ ਟੈਕਸ ਦੇਣਦਾਰੀ ਸਮਝਣ ਲਈ ਸਾਲ ਦੇ ਅੰਤ ਤੱਕ ਉਡੀਕ ਨਹੀਂ ਕਰਨੀ ਪਵੇਗੀ। ਉਹ ਕਿਸੇ ਵੀ ਸਮੇਂ ਇਨਕਮ ਟੈਕਸ ਪੋਰਟਲ 'ਤੇ ਜਾ ਕੇ ਆਪਣਾ 'ਫਾਰਮ-130' ਚੈੱਕ ਕਰ ਸਕਣਗੇ।

ਸਰਕਾਰ ਦਾ ਇਹ ਕਦਮ ਭਾਰਤ ਨੂੰ ਇੱਕ ਡਿਜੀਟਲ ਆਰਥਿਕਤਾ ਵੱਲ ਲਿਜਾਣ ਦੀ ਦਿਸ਼ਾ ਵਿੱਚ ਵੱਡਾ ਮੀਲ ਪੱਥਰ ਸਾਬਤ ਹੋ ਸਕਦਾ ਹੈ। ਹਾਲਾਂਕਿ, ਆਮ ਟੈਕਸਦਾਤਾਵਾਂ ਲਈ ਇਸ ਨਵੀਂ ਪ੍ਰਣਾਲੀ ਨੂੰ ਸਮਝਣਾ ਸ਼ੁਰੂਆਤੀ ਦੌਰ ਵਿੱਚ ਚੁਣੌਤੀਪੂਰਨ ਹੋ ਸਕਦਾ ਹੈ, ਪਰ ਲੰਬੇ ਸਮੇਂ ਵਿੱਚ ਇਹ ਕਾਗਜ਼ੀ ਕਾਰਵਾਈ ਨੂੰ ਘਟਾਉਣ ਅਤੇ ਪਾਰਦਰਸ਼ਤਾ ਵਧਾਉਣ ਵਿੱਚ ਸਹਾਇਕ ਹੋਵੇਗਾ।






# ਸਿੱਧੂ ਮੂਸੇਵਾਲਾ ਦੇ ਨਾਂ ਹੋਇਆ ਇੱਕ ਹੋਰ ਰਿਕਾਰਡ

## ਬਾਲੀਵੁੱਡ ਵਾਲੇ ਵੀ ਛੱਡੇ ਪਿੱਛੇ



ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਵੀ ਉਸ ਦੇ ਪ੍ਰਸ਼ੰਸਕ ਘੱਟ ਨਹੀਂ ਹੋਏ ਹਨ, ਸਗੋਂ ਹੋਰ ਵੀ ਵਧੇ ਹਨ। ਹੁਣ ਮੂਸੇਵਾਲਾ ਦੇ ਨਾਂ ਇੱਕ ਹੋਰ ਰਿਕਾਰਡ ਦਰਜ ਹੋਇਆ ਹੈ। ਉਸ ਦੇ ਯੂਟਿਊਬ ‘ਤੇ ਪੂਰੇ 30 ਮਿਲੀਅਨ ਸਬਸਕ੍ਰਾਈਬਰ ਪੂਰੇ ਹੋ ਗਏ ਹਨ। ਇਹ ਜਾਣਕਾਰੀ ਸਿੱਧੂ ਦੀ ਟੀਮ ਨੇ ਦਿੱਤੀ ਹੈ।

ਸਿੱਧੂ ਮੂਸੇਵਾਲਾ ਭਾਰਤ ਦਾ ਸਭ ਤੋਂ ਵੱਧ ਸਬਸਕ੍ਰਾਈਬ ਕੀਤਾ ਜਾਣ ਵਾਲਾ Independent ਕਲਾਕਾਰ ਬਣ ਗਿਆ ਹੈ। ਉਸ ਨੇ ਬਾਲੀਵੁੱਡ ਦੇ ਕਈ ਕਲਾਕਾਰਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦੀ ਮੌਤ ਮਗਰੋਂ ਉਸ ਦੇ ਪ੍ਰਸ਼ੰਸਕਾਂ ਵਿਚ ਹੋਰ ਵੀ ਵਾਧਾ ਹੋਇਆ ਹੈ। ਉਸ ਦੇ ਫੈਨਸ ਨੂੰ ਉਸ ਦੇ ਗੀਤਾਂ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ।

ਉਥੇ ਹੀ ਲਗਭਗ ਤਿੰਨ ਮਹੀਨੇ ਪਹਿਲਾਂ ਲਾਂਚ ਹੋਏ, “ਬਰੋਟਾ” ਨੇ ਨਵੇਂ ਰਿਕਾਰਡ ਬਣਾਏ ਹਨ। ਇਸ ਗੀਤ ਨੂੰ ਯੂਟਿਊਬ ‘ਤੇ 100 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ, ਅਤੇ 10 ਮਿਲੀਅਨ ਤੋਂ ਵੱਧ ਲੋਕਾਂ ਨੇ ਇਸ ‘ਤੇ ਕਮੈਂਟ ਕੀਤੀਆਂ ਹਨ। ਟਿੱਪਣੀਆਂ ਦੇ ਮਾਮਲੇ ਵਿੱਚ ਇਹ ਗੀਤ ਦੁਨੀਆ ਵਿੱਚ ਦੂਜੇ ਸਥਾਨ ‘ਤੇ ਪਹੁੰਚ ਗਿਆ ਹੈ।

ਮੂਸੇਵਾਲਾ ਦੇ ਹੋਲੋਗ੍ਰਾਮ ਟੂਰ “ਸਾਈਨ ਟੂ ਗੌਡ” ਟੀਜ਼ਰ ਨੂੰ 24 ਘੰਟਿਆਂ ਵਿੱਚ 2 ਕਰੋੜ ਤੋਂ ਵੱਧ ਲੋਕ ਦੇਖ ਚੁੱਕੇ ਹਨ ਅਤੇ ਲਗਭਗ ਢਾਈ ਕਰੜ ਲਾਈਕ ਮਿਲ ਚੁੱਕੇ ਹਨ। ਮੌਤ ਤੋਂ ਬਾਅਦ ਕਿਸੇ ਪਹਿਲੇ ਕਲਾਕਾਰ ਦ ਇਹ ਪਹਿਲਾ ਹੋਲੋਗ੍ਰਾਮ ਸ਼ੋਅ ਹੋਣ ਦਾ ਦਾਅਵਾ ਕੀਤਾ ਗਿਆ ਹੈ। ਸਿੱਧੂ ਸਿੱਧੂਵਾਲਾ ਦ ਇਹ ਸ਼ੋਅ 8 ਦੇਸ਼ਾਂ ਵਿਚ ਰਿਲੀਜ ਹੋਵੇਗਾ। ਪਹਿਲੀ ਵਾਰ ਪਾਕਿਸਤਾਨ ਵਿਚ ਵੀ ਸੋਅ ਹੋਵੇਗਾ। ਸਿੱਧੂ ਮੂਸੇਵਾਲਾ ਦੇ ਪਾਕਿਸਤਾਨ ਵਿਚ ਲੱਖਾਂ ਫੈਨਸ ਹਨ। ਸਿੱਧੂ ਨੇ ਇੱਕ ਪ੍ਰੋਗਰਾਮ ਵਿਚ ਪਾਕਿਸਤਾਨ ਵਿਚ ਸ਼ੋਅ ਕਰਨ ਦਾ ਵਾਅਦਾ ਕੀਤਾ ਸੀ ਜਿਸ ਨੂੰ ਹੁਣ ਸਿੱਧੂ ਦੇ ਪਿਤਾ ਬਲਕੌਰ ਸਿੰਘ ਪੂਰਾ ਕਰਨ ਜਾ ਰਹੇ ਹਨ।

ਮੂਸੇਵਾਲਾ ਦੇ ਪਿਤਾ ਨੇ ਕਿਹਾ ਸੀ ਕਿ ਆਉਣ ਵਾਲੇ 30 ਸਾਲਾਂ ਤੱਕ ਉਹ ਸਿੱਧੂ ਦੇ ਫੈਨਸ ਲਈ ਕੁਝ ਨਾ ਕੁਝ ਗਿਫਟ ਦਿੰਦੇ ਰਹਿਣਗੇ। ਮੂਸੇਵਾਲਾ ਨੇ ਬਹੁਤ ਸਾਰੇ ਗੀਤ ਲਿਖੇ, ਜਿਨ੍ਹਾਂ ਵਿਚੋਂ ਹਰ ਸਾਲ ਇੱਕ ਗੀਤ ਰਿਲੀਜ ਹੁੰਦਾ ਰਹੇਗਾ।

# ‘ਧੁਰੰਧਰ 2’ 8ਵੀਂ ਸਭ ਤੋਂ ਵੱਧ ਕਮਾਈ ਕਰਨ ਵਾਲੀ ਭਾਰਤੀ ਫ਼ਿਲਮ ਬਣੀ




ਰਣਵੀਰ ਸਿੰਘ ਦੀ ਫਿਲਮ ‘ਧੁਰੰਧਰ 2’ 1,067 ਕਰੋੜ ਦੇ ਵਿਸ਼ਵਵਿਆਪੀ ਕੁਲੈਕਸ਼ਨ ਦੇ ਨਾਲ 8ਵੀਂ ਸਭ ਤੋਂ ਵੱਧ ਕਮਾਈ ਕਰਨ ਵਾਲੀ ਭਾਰਤੀ ਫਿਲਮ ਬਣ ਗਈ ਹੈ। ਇਸ ਨੇ ‘ਪਠਾਨ’ (1,055 ਕਰੋੜ) ਅਤੇ ‘ਕਲਕੀ 2898 ਅਧ’ (1,042 ਕਰੋੜ) ਨੂੰ ਪਛਾੜ ਦਿੱਤਾ ਹੈ। ਵਪਾਰ ਵੈੱਬਸਾਈਟ ਸੈਕਨਿਲਕ ਅਨੁਸਾਰ ਰਿਲੀਜ਼ਿੰਗ ਦੇ ਅੱਠਵੇਂ ਦਿਨ ਫਿਲਮ ਨੇ ਭਾਰਤ ਵਿੱਚ 49.70 ਕਰੋੜ ਦਾ ਕਲੈਸ਼ਨ ਕੀਤਾ।

ਭਾਰਤ ਵਿੱਚ ‘ਧੁਰੰਧਰ 2’ ਦੀ ਕੁੱਲ ਕੁਲੈਕਸ਼ਨ ਹੁਣ ਤੱਕ 674.17 ਕਰੋੜ ਰੁਪਏ ਅਤੇ ਗ੍ਰਾਸ ਕੁਲੈਕਸ਼ਨ 805.32 ਕਰੋੜ ਤੱਕ ਪਹੁੰਚ ਗਿਆ ਹੈ। ਗ੍ਰਾਸ ਕੁੱਲ ਕੁਲੈਕਸ਼ਨ ਟਿਕਟਾਂ ਤੋਂ ਹੋਈ ਕੁੱਲ ਕਮਾਈ ਅਤੇ ਨੈਟ ਕਲੈਕਸ਼ਨ ਤੋਂ ਬਾਅਦ ਦੀ ਕਮਾਈ ਹੁੰਦੀ ਹੈ। ਓਵਰਸੀਜ਼ ’ਚ ਫ਼ਿਲਮ ਨੇ 262.91 ਕਰੋੜ ਰੁਪਏ ਕਮਾਏ, ਜਿਸ ਨਾਲ ਵਿਸ਼ਵ ਪੱਧਰ ’ਤੇ ਗ੍ਰਾਸ ਕਲੈਕਸ਼ਨ 1,067.24 ਕਰੋੜ ਰੁਪਏ ਤੱਕ ਪਹੁੰਚ ਗਈ ਹੈ।

## 'ਧੁਰੰਧਰ 2' ਦਾ ਕਰੋੜਾਂ ਦੀ ਕਲੈਕਸ਼ਨ ਦੇਖ ਕੇ ਪਾਕਿਸਤਾਨ ਦੇ ਉੱਡੇ ਹੋਸ਼

ਫ਼ਿਲਮ ਦੀ ਕਮਾਈ ਦਾ 80% ਹਿੱਸਾ ਮੰਗ ਰਿਹਾ ਪਾਕਿਸਤਾਨ

ਚੰਡੀਗੜ੍ਹ: ਧੁਰੰਧਰ 2 ਨੇ ਬਾਕਸ ਆਫਿਸ 'ਤੇ ਸਨਸਨੀ ਮਚਾ ਦਿੱਤੀ ਹੈ। ਸਿਰਫ਼ ਇੱਕ ਹਫ਼ਤੇ ਦੇ ਅੰਦਰ, ਫਿਲਮ ਨੇ 1,067 ਕਰੋੜ ਦਾ ਅੰਕੜਾ ਪਾਰ ਕਰ ਲਿਆ ਹੈ। ਹਰ ਕੋਈ ਫਿਲਮ ਦੀ ਸਫਲਤਾ ਦਾ ਜਸ਼ਨ ਮਨਾ ਰਿਹਾ ਹੈ, ਪਰ ਸਾਡਾ ਗੁਆਂਢੀ, ਪਾਕਿਸਤਾਨ, ਇਸ ਸਫਲਤਾ ਤੋਂ ਬਹੁਤ ਈਰਖਾ ਕਰ ਰਿਹਾ ਹੈ। ਧੁਰੰਧਰ 2 ਦੀ ਸ਼ਾਨਦਾਰ ਸਫਲਤਾ ਆਦਿਤਿਆ ਧਰ ਅਤੇ ਉਨ੍ਹਾਂ ਦੀ ਟੀਮ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। 19 ਮਾਰਚ, 2026 ਨੂੰ ਰਿਲੀਜ਼ ਹੋਈ ਇਸ ਫਿਲਮ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ ਹੈ।

ਇੱਕ ਹਫ਼ਤੇ ਦੇ ਅੰਦਰ, ਫਿਲਮ 1000 ਕਰੋੜ ਕਲੱਬ ਵਿੱਚ ਸ਼ਾਮਲ ਹੋ ਗਈ ਹੈ। ਫਿਲਮ ਦੀ ਭਾਰੀ ਕਮਾਈ ਨੇ ਪਾਕਿਸਤਾਨ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇੱਕ ਵਾਇਰਲ ਵੀਡੀਓ ਵਿੱਚ, ਲਯਾਰੀ ਦੇ ਵਸਨੀਕ ਫਿਲਮ ਦੀ ਕਮਾਈ ਦਾ 80 ਪ੍ਰਤੀਸ਼ਤ ਮੰਗ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਉਨ੍ਹਾਂ ਦੇ ਸਥਾਨਾਂ ਦੇ ਨਾਵਾਂ ਦੀ ਵਰਤੋਂ ਕਰਕੇ ਬਣਾਈ ਗਈ ਸੀ, ਇਸ ਲਈ ਉਨ੍ਹਾਂ ਨੂੰ ਪੈਸੇ ਮਿਲਣੇ ਚਾਹੀਦੇ ਹਨ।

# ‘ਜਾਣਬੁਝ ਕੇ Paid Promotion ਕਰਵਾ ਕੇ ਚਲਾਈ ਗਈ ਗਲਤ ਵੀਡੀਓ’ - ਵਿਵਾਦ 'ਤੇ ਗੁਰਪ੍ਰੀਤ ਘੁੱਗੀ ਦਾ ਬਿਆਨ



ਮਸ਼ਹੂਰ ਪੰਜਾਬੀ ਅਦਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਸੋਸ਼ਲ ਮੀਡੀਆ ‘ਤੇ ਚੱਲ ਰਹੇ ਵਿਵਾਦ ਨੂੰ ਲੈ ਕੇ ਇਕ ਵੀਡੀਓ ਸਾਂਝੀ ਕੀਤੀ ਹੈ ਤੇ ਨਾਲ ਹੀ ਇਸ ਵਿਚ ਅਹਿਮ ਖੁਲਾਸੇ ਵੀ ਕੀਤੇ ਹਨ। ਉਨ੍ਹਾਂ ਕਿਹਾ ਕਿ ਕੁਝ Memes Pages ਚਲਾਉਣ ਵਾਲੇ ਬੱਚਿਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ। ਵਿਵਾਦ ਪੈਦਾ ਕਰਨ ਵਾਲੇ ਬੰਦਿਆਂ ਨੂੰ ਟਰੇਸ ਕਰ ਲਿਆ ਗਿਆ ਹੈ।

ਜਾਣਬੁਝ ਕੇ ਫਓਿਦ ਫਰੋਮੋਟਿਨ ਕਰਵਾ ਕੇ ਗਲਤ ਵੀਡੀਓ ਚਲਾਈ ਗਈ ਸੀ। ਕਾਨੂੰਨ ਕਾਰਵਾਈ ਕਰ ਰਿਹਾ ਹੈ, ਜੋ ਵੀ ਇਸ ਦੇ ਪਿੱਛੇ ਨੇ ਉਹ ਜਲਦੀ ਹੀ ਫੜੇ ਜਾਣਗੇ। ਇਸ ਦੇ ਨਾਲ ਹੀ ਗੁਰਪ੍ਰੀਤ ਘੁੱਗੀ ਨੇ ਸਪੋਰਟ ਕਰਨ ਵਾਲੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ।

ਅਦਾਕਾਰ ਨੇ ਦੱਸਿਆ ਕਿ ਪੂਰੇ ਵਿਵਾਦ ਦੇ ਪਿੱਛੇ ਇਕ ਸੰਗਠਿਤ ਸਾਜਿਸ਼ ਸੀ। ਇਕ ਕੰਪਨੀ ਪੇਡ ਪ੍ਰਮੋਸ਼ਨ ਕਰਵਾ ਕੇ ਮੀਮਜ਼ ਤੇ ਰੀਲਾਂ ਬਣਵਾਉਣ ਲਈ ਪੈਸੇ ਦੇ ਰਹੀ ਸੀ। ਉਨ੍ਹਾਂ ਕਿਹਾ ਕਿ ਮੈਨੂੰ ਬਹੁਤ ਦੁੱਖ ਹੋ ਰਿਹਾ ਸੀ ਕਿ ਕਿਸੇ ਨੂੰ ਬੁਰਾ ਦਿਖਾਉਣ ਲਈ ਪੈਸਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਇਸ ਵਿਵਾਦ ਨਾਲ ਜੁੜੇ ਫਰੈਸ਼ੀ ਕੈਨੇਡੀਅਨ ਤੇ ਇਟਲੀ ਵਾਲੇ ਨੌਜਵਾਨ ਨੇ ਗੁਰਪ੍ਰੀਤ ਘੁੱਗੀ ਦੀ ਮਦਦ ਕੀਤੀ। ਜਦੋਂ ਘੁੱਗੀ ਦੀ ਟੀਮ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਸਥਿਤੀ ਨੂੰ ਸਮਝਿਆ ਤੇ ਆਪਣੀ ਗਲਤੀ ਵੀ ਮੰਨ ਲਈ।

# ਪ੍ਰਿੰਸ ਕੰਵਲਜੀਤ ਸਿੰਘ ਅਤੇ ਨਾਇਕਰਾ ਵਿੱਲੋਂ ਦੀ ਫ਼ਿਲਮ ‘Panchhi-2’ ਚੌਪਾਲ ‘ਤੇ ਹੋਈ ਰਿਲੀਜ਼




Panchhi-2 ਹੁਣ ਰਿਲੀਜ਼ ਹੋ ਚੁੱਕੀ ਹੈ ਅਤੇ ਚੌਪਾਲ ਆਪਣੇ ਸਭ ਤੋਂ ਚਰਚਿਤ ਔਰਿਜਿਨਲ ਕਿਰਦਾਰਾਂ ਵਿੱਚੋਂ ਇੱਕ–ਪੰਛੀ– ਨੂੰ ਵਾਪਸ ਲੈ ਕੇ ਆਇਆ ਹੈ, ਪਰ ਇਸ ਵਾਰ ਵੀ ਉਸਦੀ ਕਹਾਣੀ ਬਾਰੇ ਸਭ ਕੁਝ ਸਾਹਮਣੇ ਨਹੀਂ ਲਿਆਂਦਾ ਗਿਆ।

ਇਹ ਕਿਰਦਾਰ ਕੁਝ ਸਾਲ ਪਹਿਲਾਂ ਪਹਿਲੀ ਵਾਰ ਸਾਹਮਣੇ ਆਇਆ ਸੀ ਅਤੇ ਇਸ ਨੇ ਆਪਣੀ ਵੱਖਰੀ ਪਛਾਣ ਬਣਾਈ ਸੀ। ਪੰਛੀ ਕੋਈ ਰਵਾਇਤੀ ਹੀਰੋ ਨਹੀਂ ਸੀ। ਉਹ ਜਜ਼ਬਾਤੀ, ਅਧੂਰਾ ਅਤੇ ਕਈ ਵਾਰ ਅਣਪਛਾਤਾ ਸੀ, ਜਿਸ ਕਰਕੇ ਦਰਸ਼ਕ ਉਸ ਨਾਲ ਜੁੜੇ ਰਹੇ। ਹੁਣ ਸੀਕਵਲ ਵਿੱਚ ਵੀ ਇਹੀ ਜਟਿਲਤਾ ਵਾਪਸ ਆਉਂਦੀ ਹੈ, ਪਰ ਇਸ ਵਾਰ ਕਹਾਣੀ ਹੋਰ ਵੀ ਪਰਤਾਂ ਵਾਲੀ ਹੈ।

Prince Kanwaljit Singh ਦੇ ਮੁੱਖ ਕਿਰਦਾਰ ਨਾਲ Panchhi-2 ਦੀ ਕਹਾਣੀ ਇੱਕ ਸਧਾਰਣ ਹਾਲਾਤ ਨਾਲ ਸ਼ੁਰੂ ਹੁੰਦੀ ਹੈ। ਇੱਕ ਫੋਨ ਕਾਲ, ਇੱਕ ਜਾਣ–ਪਛਾਣ ਵਾਲੀ ਆਵਾਜ਼ ਅਤੇ ਇੱਕ ਰਿਸ਼ਤਾ ਜੋ ਸੱਚਾ ਲੱਗਦਾ ਹੈ। ਪਰ ਜਿਵੇਂ ਜਿਵੇਂ ਕਹਾਣੀ ਅੱਗੇ ਵਧਦੀ ਹੈ, ਇਹ ਸਾਦਗੀ ਸ਼ੱਕ ਅਤੇ ਅਣਸੁਝੇਪਣ ਵਿੱਚ ਬਦਲਣ ਲੱਗਦੀ ਹੈ ਅਤੇ ਰਿਸ਼ਤੇ ਵੀ ਸਵਾਲਾਂ ਵਿੱਚ ਘਿਰ ਜਾਂਦੇ ਹਨ।

Aarushi Sharma ਅਤੇ Naiqra Dhillon ਇਸ ਕਹਾਣੀ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾ ਰਹੀਆਂ ਹਨ। ਉਹਨਾਂ ਦੇ ਕਿਰਦਾਰ ਕਹਾਣੀ ਨੂੰ ਜਜ਼ਬਾਤੀ ਗਹਿਰਾਈ ਦੇਣ ਦੇ ਨਾਲ ਨਾਲ ਉਸ ਵਿੱਚ ਤਣਾਅ ਵੀ ਪੈਦਾ ਕਰਦੇ ਹਨ, ਜਿਸ ਨਾਲ ਪੰਛੀ ਦੀ ਦੁਨੀਆ ਹੋਰ ਵੀ ਉਲਝਦੀ ਹੋਈ ਲੱਗਦੀ ਹੈ। ਫ਼ਿਲਮ ਦੇ ਪ੍ਰਮੋਸ਼ਨ ਦੇ ਤਹਿਤ Prince Kanwaljit Singh ਅਤੇ Naiqra Dhillon ਇਸ ਸਮੇਂ ਸਿਡਨੀ ਵਿੱਚ ਹਨ, ਜਿੱਥੇ ਉਹ Panchhi-2 ਨੂੰ ਅੰਤਰਰਾਸ਼ਟਰੀ ਦਰਸ਼ਕਾਂ ਤੱਕ ਲੈ ਕੇ ਜਾ ਰਹੇ ਹਨ। ਇਹ ਪ੍ਰਮੋਸ਼ਨ ਚੌਪਾਲ ਦੀ ਵਧਦੀ ਪਹੁੰਚ ਨੂੰ ਵੀ ਦਰਸਾਉਂਦਾ ਹੈ।

Panchhi-2 ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਆਪਣਾ ਮੁੱਖ ਟਵਿਸਟ ਪਹਿਲਾਂ ਨਹੀਂ ਦਿਖਾਉਂਦੀ। ਕਹਾਣੀ ਹੌਲੀ–ਹੌਲੀ ਸਾਹਮਣੇ ਆਉਂਦੀ ਹੈ, ਜਿਸ ਨਾਲ ਦਰਸ਼ਕਾਂ ਦੀ ਦਿਲਚਸਪੀ ਬਣੀ ਰਹਿੰਦੀ ਹੈ। ਚੌਪਾਲ ਲਈ ਇਹ ਸੀਕਵਲ ਉਸਦੇ ਔਰਿਜਿਨਲ ਕੰਟੈਂਟ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਹੋਰ ਕਦਮ ਹੈ। ਪਲੇਟਫਾਰਮ ਲਗਾਤਾਰ ਅਜਿਹੀਆਂ ਕਹਾਣੀਆਂ ਲਿਆਉਣ ‘ਤੇ ਧਿਆਨ ਦੇ ਰਿਹਾ ਹੈ ਜੋ ਜੁੜੀਆਂ ਹੋਣ ਅਤੇ ਦਿਲਚਸਪ ਵੀ।

# ਸਲਮਾਨ ਨੂੰ ਨਿਰਦੇਸ਼ਨ ਦੇਣਾ ਸਨਮਾਨ ਦੀ ਗੱਲ: ਵਾਮਸ਼ੀ



ਬੌਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੇ ਸੋਮਵਾਰ ਨੂੰ ਮਸ਼ਹੂਰ ਨਿਰਮਾਤਾ ਦਿਲ ਰਾਜੂ ਅਤੇ ਨਿਰਦੇਸ਼ਕ ਵਾਮਸ਼ੀ ਪੈੜੀਪੱਲੀ ਨਾਲ ਆਪਣੀ ਨਵੀਂ ਐਕਸ਼ਨ ਫਿਲਮ ਦਾ ਐਲਾਨ ਕੀਤਾ। ਇੰਸਟਾਗ੍ਰਾਮ ’ਤੇ ਸਲਮਾਨ ਨੇ ਵਾਮਸ਼ੀ ਪੈੜੀਪੱਲੀ ਨਾਲ ਇੱਕ ਤਸਵੀਰ ਸਾਂਝੀ ਕੀਤੀ ਅਤੇ ਲਿਖਿਆ, ‘‘ਦਿਲ, ਦਿਮਾਗ, ਜਿਗਰ ਸੇ ਇਸ ਅਪਰੈਲ ਤੋਂ ਨਿਰਦੇਸ਼ਕ ਵਾਮਸ਼ੀ ਨਾਲ।’’ ਵਾਮਸ਼ੀ ਪੈੜੀਪੱਲੀ ਨੇ ਵੀ ਆਪਣੇ ਇੰਸਟਾਗ੍ਰਾਮ ’ਤੇ ਅਪਡੇਟ ਸਾਂਝਾ ਕੀਤਾ। ਉਸ ਨੇ ਮੰਨਿਆ ਕਿ ਉਸ ਲਈ ਸਨਮਾਨ ਦੀ ਗੱਲ ਹੈ ਕਿ ਉਹ ਸਲਮਾਨ ਖ਼ਾਨ ਨੂੰ ਨਿਰਦੇਸ਼ਤ ਕਰੇਗਾ। ਉਸ ਨੇ ਕਿਹਾ ਕਿ ਉਸ ਨੂੰ ਮਾਣ ਹੈ ਕਿ ਉਹ ਸਲਮਾਨ ਖਾਨ ਦੀ ਅਗਲੀ ਫਿਲਮ ਦਾ ਨਿਰਦੇਸ਼ਨ ਕਰੇਗਾ। ਉਸ ਨੇ ਕਿਹਾ ਇਕ ਅਪਰੈਲ ਨੂੰ ਇਸ ਪ੍ਰਾਜੈਕਟ ’ਤੇ ਕੰਮ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਫਿਲਮ ਬਾਰੇ ਹੋਰ ਵੇਰਵਿਆਂ ਦਾ ਅਜੇ ਖੁਲਾਸਾ ਨਹੀਂ ਕੀਤਾ ਗਿਆ। ਇਸ ਦੌਰਾਨ ਸਲਮਾਨ ‘ਮਾਤਰਭੂਮੀ: ਮੇ ਵਾਰ ਰੈਸਟ ਇਨ ਪੀਸ’ ਦੀ ਰਿਲੀਜ਼ ਲਈ ਤਿਆਰ ਹਨ ਜਿਸ ਵਿੱਚ ਚਿਤਰਾਂਗਦਾ ਸਿੰਘ ਵੀ ਹੈ। ਇਸ ਫਿਲਮ ਦਾ ਨਾਮ ਪਹਿਲਾਂ ‘ਬੈਟਲ ਆਫ਼ ਗਲਵਾਨ’ ਸੀ।

# ਕੰਪਿਊਟਰ ਤਕਨੀਕ ਸਹਾਰੇ ਫਿਲਮਾਏ ਜਾਂਦੇ ਐਕਸ਼ਨ ਸੀਨਾਂ ਦੇ ਖ਼ਿਲਾਫ਼ ਹੈ ਅਕਸ਼ੈ



ਬੌਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਫਿਲਮਾਂ ਵਿੱਚ ਕੰਪਿਊਟਰ ਤਕਨੀਕ (ਵੀ ਐੱਫ ਐਕਸ ਅਤੇ ਏ ਆਈ) ਸਹਾਰੇ ਫਿਲਮਾਏ ਜਾਂਦੇ ਨਕਲੀ ਐਕਸ਼ਨ ਸੀਨਾਂ ਦੇ ਸਖ਼ਤ ਖ਼ਿਲਾਫ਼ ਹੈ। ਕਰਾਟੇ, ਤਾਇਕਵਾਂਡੋ ਅਤੇ ਕੁਡੋ ਵਰਗੀਆਂ ਮਾਰਸ਼ਲ ਆਰਟ ਕਲਾਵਾਂ ਦੇ ਮਾਹਿਰ ਇਸ ਅਦਾਕਾਰ ਨੇ ਬਿਨਾਂ ਤਕਨੀਕ ਤੋਂ ਐਕਸ਼ਨ ਕਰਨ ਦੀ ਇੱਛਾ ਜ਼ਾਹਰ ਕਰਦਿਆਂ ਕਿਹਾ, ‘ਮੈਂ ਅਜਿਹੀ ਫਿਲਮ ਬਣਾਉਣਾ ਚਾਹੁੰਦਾ ਹਾਂ, ਜੋ ਬਿਲਕੁਲ ਅਸਲੀ ਹੋਵੇ। ਜੇ ਮੈਂ ਛਾਲ ਮਾਰ ਰਿਹਾ ਹਾਂ, ਤਾਂ ਇਹ ਅਸਲ ਛਾਲ ਹੋਣੀ ਚਾਹੀਦੀ ਹੈ, ਨਾ ਕਿ ਵੀ ਐੱਫ ਐਕਸ ਦਾ ਕਮਾਲ। ਜੇ ਮੈਂ ਮੁੱਕਾ ਮਾਰ ਰਿਹਾ ਹਾਂ, ਤਾਂ ਮੈਂ ਸੱਚਮੁੱਚ ਮਾਰਾਂਗਾ, ਇੰਜ ਨਹੀਂ ਲੱਗਣਾ ਚਾਹੀਦਾ ਕਿ 15 ਜਣੇ ਮੁੱਕਾ ਮਾਰਨ ਵਿੱਚ ਮੇਰੀ ਮਦਦ ਕਰ ਰਹੇ ਹਨ।’’ ਅਦਾਕਾਰ ਨੇ ਅਸਲ ਐਕਸ਼ਨ ਦੀ ਤੁਲਨਾ ਪੇਂਟਿੰਗ ਨਾਲ ਕਰਦਿਆਂ ਕਿਹਾ, ‘‘ਹੱਥੀਂ ਬਣਾਈ ਪੇਂਟਿੰਗ ਅਤੇ ਛਪੀ ਹੋਈ (ਡਿਜੀਟਲ) ਤਸਵੀਰ ਵਿਚਾਲੇ ਵੱਡਾ ਫਰਕ ਹੁੰਦਾ ਹੈ। ਛਪੀ ਹੋਈ ਤਸਵੀਰ ਭਾਵੇਂ ਪੂਰੀ ਤਰ੍ਹਾਂ ਸਹੀ ਲੱਗੇ, ਪਰ ਅਸਲ ਪੇਂਟਿੰਗ ਅੰਦਰਲੀਆਂ ਕਮੀਆਂ ਹੀ ਉਸ ਦੀ ਅਸਲੀਅਤ ਬਿਆਨਦੀਆਂ ਹਨ। ਮੈਂ ਅਸਲ ਪੇਂਟਿੰਗ ਬਣਾਉਣਾ ਚਾਹੁੰਦਾ ਹਾਂ।’’ ਅਕਸ਼ੈ ਅੱਜ–ਕੱਲ੍ਹ ‘ਸਤ੍ਰੀ’ ਅਤੇ ‘ਗੋਲਮਾਲ’ ਵਰਗੀਆਂ ਵੱਡੀਆਂ ਫਿਲਮਾਂ ਦਾ ਹਿੱਸਾ ਬਣ ਕੇ ਖੁਸ਼ ਹੈ। ਸਾਥੀ ਅਦਾਕਾਰ ਅਜੈ ਦੇਵਗਨ ਦੀ ਟਿੱਪਣੀ ਦਾ ਜਵਾਬ ਦਿੰਦਿਆਂ ਉਸ ਨੇ ਕਿਹਾ, ‘ਅਜੈ ਨੇ ਕਿਹਾ ਸੀ ਕਿ ਮੈਂ ਹਰ ਫਰੈਂਚਾਇਜ਼ੀ ਲਈ ਕੰਮ ਕਰਨ ਲੱਗ ਜਾਂਦਾ ਹਾਂ। ਪਰ ਜੇ ਮੇਰੇ ਕੋਲ ‘ਸਤ੍ਰੀ’ ਵਰਗੀ ਫਿਲਮ ਆ ਰਹੀ ਹੈ ਤਾਂ ਮੈਂ ਕਿਉਂ ਛੱਡਾਂ? ਮੈਂ ਇਹ ਫਿਲਮਾਂ ਇਸ ਲਈ ਕਰਦਾ ਹਾਂ ਕਿਉਂਕਿ ਨਿਰਮਾਤਾ ਮੇਰੀ ਕਾਬਲੀਅਤ ’ਤੇ ਭਰੋਸਾ ਕਰਦੇ ਹਨ।’






## CSK ਨੂੰ ਵੱਡਾ ਝਟਕਾ:

# IPL 2026 ਦੇ ਪਹਿਲੇ ਦੋ ਹਫ਼ਤੇ ਨਹੀਂ ਖੇਡਣਗੇ ਧੋਨੀ



ਚੇਨਈ ਸੁਪਰ ਕਿੰਗਜ਼ (ਸੀ ਐੱਸ ਕੇ) ਦੇ ਦਿੱਗਜ ਖਿਡਾਰੀ ਐੱਮ ਐੱਸ ਧੋਨੀ ਦੀ ਲੱਤ ਦੀ ਮਾਸਪੇਸ਼ੀ ਵਿੱਚ ਖਿੱਚ ਆ ਗਈ ਹੈ। ਇਸ ਕਾਰਨ ਉਹ ਆਈ ਪੀ ਐੱਲ 2026 ਦੇ ਸ਼ੁਰੂਆਤੀ ਦੋ ਹਫ਼ਤਿਆਂ ਦੇ ਮੈਚ ਨਹੀਂ ਖੇਡ ਸਕਣਗੇ। ਉਨ੍ਹਾਂ ਦੀ ਟੀਮ ਨੇ ਸ਼ਨਿੱਚਰਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਹੈ। ਸੀ ਐੱਸ ਕੇ ਨੇ ਦੱਸਿਆ ਹੈ ਕਿ ਐੱਮ ਐੱਸ ਧੋਨੀ ਦੀ ਲੱਤ ਦੀ ਮਾਸਪੇਸ਼ੀ ਵਿੱਚ ਖਿੱਚ ਆ ਗਈ ਹੈ, ਜਿਸ ਨੂੰ ਠੀਕ ਕਰਨ ਲਈ ਉਹ ਖ਼ਾਸ ਕਸਰਤਾਂ ਅਤੇ ਟ੍ਰੇਨਿੰਗ ਕਰ ਰਹੇ ਹਨ। ਇਸ ਕਾਰਨ ਉਹ ਆਈ ਪੀ ਐੱਲ 2026 ਦੇ ਪਹਿਲੇ ਦੋ ਹਫ਼ਤੇ ਸ਼ਾਇਦ ਨਹੀਂ ਖੇਡ ਸਕਣਗੇ। ਟੀਮ ਨੇ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਦੁਆ ਵੀ ਕੀਤੀ ਹੈ।

ਸੀ ਐੱਸ ਕੇ ਸੀਜ਼ਨ ਦੀ ਸ਼ੁਰੂਆਤ 30 ਮਾਰਚ ਨੂੰ ਗੁਹਾਟੀ ਵਿੱਚ 2008 ਦੇ ਚੈਂਪੀਅਨ ਰਾਜਸਥਾਨ ਰਾਇਲਜ਼ (ਆਰ ਆਰ) ਦੇ ਵਿਰੁੱਧ ਆਪਣਾ ਪਹਿਲਾ ਮੈਚ ਖੇਡ ਕੇ ਕਰੇਗੀ। ਇਸ ਵਾਰ ਟੀਮਾਂ ਦੇ ਖਿਡਾਰੀਆਂ ਵਿੱਚ ਵੱਡੀ ਅਦਲਾ-ਬਦਲੀ ਹੋਈ ਹੈ। ਸਾਬਕਾ ਆਰ ਆਰ ਖਿਡਾਰੀ ਸੰਜੂ ਸੈਮਸਨ ਹੁਣ ਚੇਨਈ ਦੀ ਟੀਮ ਵਿੱਚ ਸ਼ਾਮਲ ਹੋ ਗਏ ਹਨ ਜਦਕਿ ਰਵਿੰਦਰ ਜਡੇਜਾ ਵਾਪਸ ਆਪਣੀ ਪੁਰਾਣੀ ਟੀਮ ਰਾਜਸਥਾਨ (ਆਰ ਆਰ) ਵਿੱਚ ਚਲੇ ਗਏ ਹਨ। ਲੰਬੇ ਸਮੇਂ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਆਈ ਪੀ ਐੱਲ ਦਾ ਇਹ ਸੀਜ਼ਨ ਧੋਨੀ ਦਾ ਆਖਰੀ ਸੀਜ਼ਨ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਦੇ ਗੋਡੇ ਦੀਆਂ ਸਮੱਸਿਆਵਾਂ ਬਣੀਆ ਹੋਈਆਂ ਹਨ। ਧੋਨੀ ਨੇ ਖ਼ੁਦ ਵੀ ਇੱਕ ਪ੍ਰੋਗਰਾਮ ਵਿੱਚ ਮੰਨਿਆ ਸੀ ਕਿ ਹੁਣ ਉਨ੍ਹਾਂ ਦੀ ਫਿਟਨੈੱਸ ਪਹਿਲਾਂ ਵਰਗੀ ਨਹੀਂ ਰਹੀ ਹੈ।

# ਅਮਰੀਕੀ ਗੋਲਫਰ ਖਿਡਾਰੀ ਟਾਈਗਰ ਵੁੱਡਸ ਗ੍ਰਿਫ਼ਤਾਰ



ਫਲੋਰੀਡਾ : ਸ਼ੁੱਕਰਵਾਰ ਨੂੰ ਫਲੋਰੀਡਾ ਵਿੱਚ ਇੱਕ ਕਾਰ ਹਾਦਸੇ ਤੋਂ ਬਾਅਦ ਅਮਰੀਕੀ ਗੋਲਫਰ ਟਾਈਗਰ ਵੁੱਡਸ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਮਾਰਟਿਨ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਨੇ ਦੱਸਿਆ ਕਿ ਵੁੱਡਸ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਵੁੱਡਸ ਦੀ ਕਾਰ ਕਿਸੇ ਹੋਰ ਵਾਹਨ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ ਸੀ। ਸ਼ੈਰਿਫ਼ ਦੇ ਦਫ਼ਤਰ ਨੇ ਦੱਸਿਆ ਕਿ ਹਾਦਸੇ ਵਿੱਚ ਵੁੱਡਸ ਨੂੰ ਕੋਈ ਸੱਟ ਨਹੀਂ ਲੱਗੀ। ਇਹ ਹਾਦਸਾ ਸ਼ੁੱਕਰਵਾਰ ਨੂੰ ਦੁਪਹਿਰ 2:00 ਵਜੇ ਦੇ ਕਰੀਬ ਜੁਪੀਟਰ ਆਈਲੈਂਡ ਵਿੱਚ ਉਸ ਖੇਤਰ ਦੇ ਨੇੜੇ ਹੋਇਆ ਜਿੱਥੇ ਵੁੱਡਸ ਰਹਿੰਦਾ ਹੈ।

# ਭਾਰਤ ਦੀ ਸ਼ੀਤਲ ਦੇਵੀ ਨੇ ਰਚਿਆ ਇਤਿਹਾਸ

## 2025 ਲਈ ਵਿਸ਼ਵ ਦੀ 'ਪੈਰਾ ਆਰਚਰ ਆਫ਼ ਦ ਈਅਰ' ਦਾ ਖ਼ਿਤਾਬ ਕੀਤਾ ਆਪਣੇ ਨਾਮ




ਨਵੀਂ ਦਿੱਲੀ: ਭਾਰਤ ਦੀ ਸ਼ੀਤਲ ਦੇਵੀ ਨੇ ਪੈਰਾ-ਤੀਰਅੰਦਾਜ਼ੀ ਵਿੱਚ ਇਤਿਹਾਸ ਰਚਿਆ ਹੈ, 2025 ਲਈ ਦੁਨੀਆ ਦੀ ਸਭ ਤੋਂ ਵਧੀਆ ਪੈਰਾ ਤੀਰਅੰਦਾਜ਼ ਦਾ ਖਿਤਾਬ ਜਿੱਤਿਆ ਹੈ। ਆਪਣੀ ਸ਼ਾਨਦਾਰ ਮਿਹਨਤ ਅਤੇ ਵਿਲੱਖਣ ਤਕਨੀਕ ਨਾਲ, ਜੰਮੂ-ਕਸ਼ਮੀਰ ਦੀ 19 ਸਾਲ ਦੀ ਸ਼ੀਤਲ ਨੇ ਦੁਨੀਆ ਨੂੰ ਦਿਖਾਇਆ ਹੈ ਕਿ ਸਿਰਫ਼ ਮਨ ਅਤੇ ਹਿੰਮਤ ਹੀ ਸੀਮਾਵਾਂ ਤੋੜ ਸਕਦੀ ਹੈ, ਸਰੀਰ ਨਹੀਂ।

ਸ਼ੀਤਲ ਦੇਵੀ ਵਿਸ਼ਵ ਪੈਰਾ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤਣ ਵਾਲੀ ਇਕਲੌਤੀ ਮਹਿਲਾ ਬਾਹਾਂ ਤੋਂ ਬਿਨਾਂ ਤੀਰਅੰਦਾਜ਼ ਹੈ। ਪਿਛਲੇ ਸਾਲ, ਉਸ ਨੇ ਦੱਖਣੀ ਕੋਰੀਆ ਦੇ ਗਵਾਂਗਜੂ ਵਿੱਚ ਮਹਿਲਾ ਕੰਪਾਊਂਡ ਵਿਅਕਤੀਗਤ ਈਵੈਂਟ ਜਿੱਤਿਆ ਸੀ। ਬਾਹਾਂ ਤੋਂ ਬਿਨਾਂ, ਸ਼ੀਤਲ ਨਿਸ਼ਾਨੇਬਾਜ਼ੀ ਲਈ ਆਪਣੀਆਂ ਲੱਤਾਂ ਅਤੇ ਮੋਢਿਆਂ ਦੀ ਵਰਤੋਂ ਕਰਦੀ ਹੈ। ਇਹ ਸ਼ੈਲੀ ਉਸ ਨੂੰ ਹੋਰ ਤੀਰਅੰਦਾਜ਼ਾਂ ਤੋਂ ਵੱਖ ਕਰਦੀ ਹੈ। ਉਸ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਮਹਿਲਾ ਟੀਮ ਈਵੈਂਟ ਵਿੱਚ ਚਾਂਦੀ ਅਤੇ ਮਿਕਸਡ ਟੀਮ ਈਵੈਂਟ ਵਿੱਚ ਕਾਂਸੀ ਦਾ ਤਗਮਾ ਵੀ ਜਿੱਤਿਆ ਹੈ।

ਵਿਸ਼ਵ ਤੀਰਅੰਦਾਜ਼ੀ ਨੇ ਸ਼ੀਤਲ ਦੀ ਚੋਣ ਬਾਰੇ ਕਿਹਾ, "ਭਾਰਤ ਦੀ ਸ਼ੀਤਲ ਦੇਵੀ ਨੂੰ ਸਾਲ ਦੀ ਪੈਰਾ ਤੀਰਅੰਦਾਜ਼ ਚੁਣਿਆ ਗਿਆ ਹੈ। ਉਸ ਨੇ ਪਿਛਲੇ ਸਾਲ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ, ਕਈ ਅੰਤਰਰਾਸ਼ਟਰੀ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ, ਜਿਸ ਵਿੱਚ ਇੱਕ ਵਿਸ਼ਵ ਖਿਤਾਬ ਵੀ ਸ਼ਾਮਲ ਹੈ।"

# ਟੈਨਿਸ: ਸਿਨਰ ਨੇ ਮਿਆਮੀ ਓਪਨ ਦਾ ਖ਼ਿਤਾਬ ਜਿੱਤਿਆ




ਜੈਨਿਕ ਸਿਨਰ ਨੇ ਐਤਵਾਰ ਨੂੰ ਚੈੱਕ ਗਣਰਾਜ ਦੇ ਜੀਰੀ ਲੇਹੇਕਾ ਨੂੰ 6-4, 6-4 ਨਾਲ ਹਰਾ ਕੇ ਮਿਆਮੀ ਓਪਨ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ। ਇਸ ਜਿੱਤ ਨਾਲ ਉਸ ਨੇ ਸਨਸ਼ਾਈਨ ਡਬਲ (ਇੰਡੀਅਨ ਵੇਲਜ਼ ਤੇ ਮਿਆਮੀ ਓਪਨ) ਦੋਵੇਂ ਖ਼ਿਤਾਬ ਇੱਕੋ ਸਾਲ ਜਿੱਤਣ ਦਾ ਟੀਚਾ ਪੂਰਾ ਕਰ ਲਿਆ ਹੈ। ਇੱਕ ਦਿਨ ਪਹਿਲਾਂ ਹੀ ਆਰੀਆਨਾ ਸਬਾਲੈਂਕਾ ਨੇ ਕੋਕੋ ਗੌਫ ਨੂੰ ਹਰਾ ਕੇ ਇਹੀ ਪ੍ਰਾਪਤੀ ਕੀਤੀ ਸੀ। ਰੋਜਰ ਫੈਡਰਰ (2017) ਤੋਂ ਬਾਅਦ ਸਿਨਰ ਇਹ ਡਬਲ ਪੂਰਾ ਕਰਨ ਵਾਲਾ ਪਹਿਲਾ ਪੁਰਸ਼ ਖਿਡਾਰੀ ਬਣ ਗਿਆ ਹੈ। ਖਾਸ ਗੱਲ ਇਹ ਹੈ ਕਿ ਉਹ ਪਹਿਲਾ ਅਜਿਹਾ ਪੁਰਸ਼ ਖਿਡਾਰੀ ਹੈ ਜਿਸ ਨੇ ਦੋਵੇਂ ਟੂਰਨਾਮੈਂਟਾਂ ਵਿੱਚ ਇੱਕ ਵੀ ਸੈੱਟ ਨਹੀਂ ਹਾਰਿਆ। ਜਿੱਤ ਤੋਂ ਬਾਅਦ ਸਿਨਰ ਨੇ ਕਿਹਾ, ''ਇਹ ਬਹੁਤ ਖਾਸ ਪਲ ਹੈ। ਇੰਡੀਅਨ ਵੇਲਜ਼ ਤੋਂ ਬਾਅਦ ਇੱਥੇ ਆ ਕੇ ਅਜਿਹਾ ਪ੍ਰਦਰਸ਼ਨ ਕਰਨਾ ਮੇਰੇ ਲਈ ਬਹੁਤ ਮਾਇਨੇ ਰੱਖਦਾ ਹੈ। ਸਰੀਰਕ ਤੌਰ 'ਤੇ ਇਹ ਔਖਾ ਹੁੰਦਾ ਹੈ ਕਿਉਂਕਿ ਤੁਸੀਂ ਥੋੜ੍ਹਾ ਥੱਕੇ ਹੁੰਦੇ ਹੋ, ਪਰ ਮੇਰਾ ਉਤਸ਼ਾਹ ਕਾਫੀ ਜ਼ਿਆਦਾ ਸੀ।'' ਦੂਜਾ ਦਰਜਾ ਪ੍ਰਾਪਤ ਸਿਨਰ ਨੇ ਫਾਈਨਲ ਵਿੱਚ 10 ਏਸ ਲਗਾਏ।

ਉਸ ਨੇ ਆਪਣੀਆਂ ਪਹਿਲੀਆਂ 23 ਸਰਵਿਸਾਂ 'ਤੇ ਲਗਾਤਾਰ ਅੰਕ ਹਾਸਲ ਕੀਤੇ, ਜਿਸ ਨੇ ਵਿਰੋਧੀ ਖਿਡਾਰੀ ਲੇਹੇਕਾ ਨੂੰ ਦਬਾਅ ਹੇਠ ਰੱਖਿਆ। ਸਿਨਰ ਇਹ ਪ੍ਰਾਪਤੀ ਕਰਨ ਵਾਲਾ ਅੱਠਵਾਂ ਪੁਰਸ਼ ਖਿਡਾਰੀ ਬਣ ਗਿਆ ਹੈ।

# ਐਰਿਨਾ ਸਬਾਲੇਂਕਾ ਨੇ ਮਿਆਮੀ ਓਪਨ ਖ਼ਿਤਾਬ ਜਿੱਤਿਆ

## ਫਾਈਨਲ ਵਿੱਚ ਕੋਕੋ ਗੌਫ ਨੂੰ ਹਰਾਇਆ



ਐਰਿਨਾ ਸਬਾਲੇਂਕਾ ਨੇ ਮਿਆਮੀ ਓਪਨ ਮਹਿਲਾ ਸਿੰਗਲਜ਼ ਦੇ ਫਾਈਨਲ ਵਿੱਚ ਕੋਕੋ ਗੌਫ ਨੂੰ ਫਸਵੇਂ ਮੁਕਾਬਲੇ 'ਚ 6-2, 4-6, 6-3 ਨਾਲ ਹਰਾ ਕੇ ਖ਼ਿਤਾਬ ਜਿੱਤ ਲਿਆ ਹੈ। ਦੁਨੀਆ ਦੀ ਅੱਵਲ ਦਰਜਾ ਖਿਡਾਰਨ ਸਬਾਲੇਂਕਾ ਚੌਥਾ ਦਰਜਾ ਗੌਫ ਨੂੰ ਹਰਾ ਕੇ 'ਸਨਸ਼ਾਈਨ ਡਬਲ' ਪੂਰਾ ਕਰਨ ਵਾਲੀ ਪਿਛਲੇ ਚਾਰ ਸਾਲਾਂ 'ਚ ਪਹਿਲੀ ਖਿਡਾਰਨ ਬਣੀ ਹੈ।

ਉਸ ਨੇ ਇੰਡੀਆਨਾ ਵੇਲਜ਼ ਖ਼ਿਤਾਬ ਵੀ ਜਿੱਤਿਆ ਸੀ। ਮਿਆਮੀ ਓਪਨ 'ਚ ਇਹ ਉਸ ਦੀ ਲਗਾਤਾਰ ਦੂਜੀ ਜਿੱਤ ਹੈ। ਇਸ ਜਿੱਤ ਨੇ ਉਸ ਨੂੰ ਗੌਫ ਖ਼ਿਲਾਫ਼ ਆਹਮੋ-ਸਾਹਮਣੇ ਦੇ ਰਿਕਾਰਡ ਵਿੱਚ 7-6 ਨਾਲ ਅੱਗੇ ਕਰ ਦਿੱਤਾ ਹੈ। ਸਬਾਲੇਂਕਾ ਨੇ ਸਮਾਰੋਹ ਦੌਰਾਨ ਲੋਕਾਂ ਨੂੰ ਕਿਹਾ, ''ਤੁਸੀਂ ਮੈਨੂੰ ਬਿਹਤਰ ਖਿਡਾਰਨ ਬਣਨ ਲਈ ਪ੍ਰੇਰਿਆ ਹੈ। ਤੁਸੀਂ ਹਮੇਸ਼ਾ ਸਟੇਡੀਅਮ ਨੂੰ ਖਚਾਖਚ ਭਰ ਦਿੰਦੇ ਹੋ।'' ਇਹ ਮੈਚ 2 ਘੰਟੇ 11 ਮਿੰਟ ਤੱਕ ਚੱਲਿਆ; ਇਸ ਦਾ ਅੰਤ ਗੌਫ ਦੇ ਚੌਥੀ ਵਾਰ ਬਰੇਕ ਹੋਣ ਅਤੇ ਇੱਕ ਵਾਈਡ ਬੈਕਹੈਂਡ ਸ਼ਾਟ ਮਾਰਨ ਨਾਲ ਹੋਇਆ।

# ਦੋ ਵਾਰ ਦੇ ਉਲੰਪਿਕ ਤਮਗ਼ਾ ਜੇਤੂ ਗੁਰਜੰਟ ਸਿੰਘ ਨੇ ਕੌਮਾਂਤਰੀ ਹਾਕੀ ਨੂੰ ਕਿਹਾ ਅਲਵਿਦਾ



ਨਵੀਂ ਦਿੱਲੀ: ਟੋਕੀਉ ਅਤੇ ਪੈਰਿਸ ਉਲੰਪਿਕ ਵਿਚ ਕਾਂਸੇ ਦਾ ਤਮਗ਼ਾ ਜਿੱਤਣ ਵਾਲੀ ਭਾਰਤੀ ਪੁਰਸ਼ ਹਾਕੀ ਟੀਮ ਦਾ ਹਿੱਸਾ ਰਹੇ ਫ਼ਾਰਵਰਡ ਗੁਰਜੰਟ ਸਿੰਘ ਨੇ ਕੌਮਾਂਤਰੀ ਹਾਕੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ। 31 ਸਾਲ ਦੇ ਗੁਰਜੰਟ ਨੇ 2017 ਵਿਚ ਭਾਰਤ ਲਈ ਹਾਕੀ 'ਚ ਸ਼ੁਰੂਆਤ ਕੀਤੀ ਸੀ ਅਤੇ 130 ਕੌਮਾਂਤਰੀ ਮੈਚਾਂ ਵਿਚ 33 ਗੋਲ ਕੀਤੇ।

ਗੁਰਜੰਟ ਦੇ ਨਾਮ ਸੱਭ ਤੋਂ ਤੇਜ਼ ਕੌਮਾਂਤਰੀ ਗੋਲ ਦਾ ਭਾਰਤੀ ਰੀਕਾਰਡ ਵੀ ਹੈ। ਉਨ੍ਹਾਂ ਨੇ ਐਫ਼.ਆਈ.ਐਚ. ਪ੍ਰੋ ਲੀਗ 2020 ਵਿਚ ਨੀਦਰਲੈਂਡ ਵਿਰੁਧ ਸਿਰਫ਼ 13 ਸਕਿੰਟ ਵਿਚ ਗੋਲ ਕੀਤਾ ਸੀ। ਉਨ੍ਹਾਂ ਨੂੰ 2021 ਵਿਚ ਅਰਜੁਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ। ਹਾਕੀ ਇੰਡੀਆ ਨੇ ਇਨਾਮ ਸਮਾਰੋਹ ਦੌਰਾਨ ਉਨ੍ਹਾਂ ਨੂੰ ਪੰਜ ਲੱਖ ਰੁਪਏ ਦਾ ਇਨਾਮ ਵੀ ਦਿਤਾ। ਪਿਛਲੇ ਸਾਲ ਜੂਨ ਵਿਚ ਉਹ ਆਖ਼ਰੀ ਵਾਰ ਭਾਰਤ ਲਈ ਖੇਡੇ ਸਨ।

ਹਾਕੀ ਇੰਡੀਆ ਦੇ ਸਾਲਾਨਾ ਇਨਾਮ ਸਮਾਰੋਹ ਦੌਰਾਨ ਉਨ੍ਹਾਂ ਨੇ ਸੰਨਿਆਸ ਦਾ ਐਲਾਨ ਕੀਤਾ। ਗੁਰਜੰਟ ਨੇ ਕਿਹਾ, ''ਮੈਂ ਇੱਥੇ ਮੌਜੂਦ ਵੱਡੇ ਖਿਡਾਰੀਆਂ ਨੂੰ ਵੇਖ ਕੇ ਹਾਕੀ ਖੇਡਣਾ ਸ਼ੁਰੂ ਕੀਤਾ ਸੀ ਅਤੇ ਉਨ੍ਹਾਂ ਨਾਲ ਮਿਲ ਕੇ ਭਾਰਤ ਲਈ ਖੇਡਣ ਦਾ ਮੇਰਾ ਸੁਪਨਾ ਪੂਰਾ ਹੋਇਆ, ਜਿਸ ਨੂੰ ਮੈਂ ਕਦੇ ਨਹੀਂ ਭੁੱਲਾਂਗਾ।'' ਉਨ੍ਹਾਂ ਨੇ ਅੱਗੇ ਜੋੜਿਆ, ''ਮੇਰਾ ਇਹ ਸਫ਼ਰ ਬਹੁਤ ਵਧੀਆ ਰਿਹਾ।

ਟੋਕੀਉ ਉਲੰਪਿਕ ਵਿਚ 41 ਸਾਲਾਂ ਬਾਅਦ ਇਤਿਹਾਸਕ ਤਮਗ਼ਾ ਜਿੱਤਣ ਵਾਲੀ ਟੀਮ ਦਾ ਹਿੱਸਾ ਬਣਨਾ ਅਤੇ ਫਿਰ ਪੈਰਿਸ ਉਲੰਪਿਕ 2024 ਵਿਚ ਉਸ ਪ੍ਰਦਰਸ਼ਨ ਨੂੰ ਦੁਹਰਾਉਣਾ ਮੇਰੇ ਲਈ ਮਾਣ ਦੀ ਗੱਲ ਹੈ। ਮੈਂ ਖ਼ੁਸ਼ੀ ਅਤੇ ਮਾਣ ਨਾਲ ਵਿਦਾ ਲੈ ਰਿਹਾ ਹਾਂ।'' ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਘਰੇਲੂ ਹਾਕੀ ਅਤੇ ਲੀਗ ਖੇਡਦੇ ਰਹਿਣਗੇ ਪਰ ਕੋਚਿੰਗ ਬਾਰੇ ਅਜੇ ਸੋਚਿਆ ਨਹੀਂ। ਅਮ੍ਰਿਤਸਰ ਦੇ ਖਲਾਰਾ ਪਿੰਡ ਵਿਚ ਜਨਮੇ ਗੁਰਜੰਟ 2016 ਦੇ ਲਖਨਊ ਜੂਨੀਅਰ ਵਿਸ਼ਵ ਕੱਪ ਜੇਤੂ ਟੀਮ ਦਾ ਹਿੱਸਾ ਸਨ ਅਤੇ ਫ਼ਾਈਨਲ ਵਿਚ ਗੋਲ ਵੀ ਕੀਤਾ ਸੀ। ਉਹ 2023 ਏਸ਼ੀਆਈ ਖੇਡਾਂ ਅਤੇ 2017 ਏਸ਼ੀਆ ਕੱਪ ਵਿਚ ਸੋਨੇ ਦਾ ਤਮਗ਼ਾ ਜਿੱਤਣ ਵਾਲੀ ਟੀਮ ਦਾ ਵੀ ਹਿੱਸਾ ਰਹੇ।







